# ਇਸ ਨੂੰ ਸੁਰੱਖਿਅਤ ਆਖੋ

## ਸੈਕੰਡਰੀ ਸਕੂਲਾਂ ਵਿਚ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦਾ ਹੱਲ ਲੱਭਣ ਲਈ ਮਾਪਿਆਂ ਲਈ ਗਾਈਡ

Call it Safe: A parent guide for dealing with harassment and intimidation in secondary schools

2003 ਅਡੀਸ਼ਨ

ਬੀ ਸੀ ਕੌਨਫੈਡਰੇਸ਼ਨ ਆਫ ਪੇਰੇਂਟ ਅਡਵਾਈਜ਼ਰੀ ਕੌਂਸਲਜ਼ (ਬੀ ਸੀ ਸੀ ਪੀ ਏ ਸੀ)

[Punjabi]

ਇਹ ਗਾਈਡ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਪੇਰੇਂਟ ਅਡਵਾਈਜ਼ਰੀ ਕੌਂਸਲ (ਪੀ ਏ ਸੀ) ਦੇ ਲੀਡਰਾਂ ਲਈ ਹੈ। ਇਹ:

- ✓ ਉਨ੍ਹਾਂ ਕੁਝ ਸਵਾਲਾਂ ਦੇ ਜਵਾਬ ਦੇਵੇਗੀ ਜਿਹੜੇ ਤੁਹਾਡੇ ਮਨ ਵਿਚ ਤੰਗ ਕਰਨ ਅਤੇ ਡਰਾਉਣ-ਧਮਕਾਉਣ ਬਾਰੇ ਹੋ ਸਕਦੇ ਹਨ ਅਤੇ ਇਹ ਵੀ ਜਾਣਕਾਰੀ ਦੇਵੇਗੀ ਕਿ ਆਪਣੇ ਬੱਚਿਆਂ ਦੀ ਮਦਦ ਕਰਨ ਲਈ ਤੁਹਾਨੂੰ ਕੀ ਜਾਣਨ ਅਤੇ ਕੀ ਕਰਨ ਦੀ ਲੋੜ ਹੈ
- ✓ ਅਜਿਹੀ ਜਾਣਕਾਰੀ ਦੇਵੇਗੀ ਜਿਸ ਦੀ ਵਰਤੋਂ ਤੁਹਾਡੀ ਪੀ ਏ ਸੀ ਤੁਹਾਡੇ ਸਕੂਲ ਨਾਲ ਰਲ ਕੇ ਕੰਮ ਕਰਨ ਲਈ ਕਰ ਸਕਦੀ ਹੈ ਤਾਂ ਜੋ ਇਹ ਯਕੀਨੀ ਬਣੇ ਕਿ ਸਕੂਲ ਸੁਰੱਖਿਅਤ ਹੈ।

ਇਹ ਗਾਈਡ ਪਬਲਿਕ ਸਕੂਲ ਸਿਸਟਮ ਨਾਲ ਜੁੜੇ ਉਨ੍ਹਾਂ ਲੋਕਾਂ ਲਈ ਵੀ ਫਾਇਦੇਮੰਦ ਹੈ ਜਿਹੜੇ ਤੰਗ ਕਰਨ ਅਤੇ ਡਰਾਉਣ-ਧਮਕਾਉਣ ਬਾਰੇ ਮਾਪਿਆਂ ਦੇ ਵਿਚਾਰ ਸਮਝਣਾ ਚਾਹੁੰਦੇ ਹਨ ਅਤੇ ਚੇਤਨਤਾ ਵਧਾਉਣ ਅਤੇ ਅਸਰਦਾਰ ਚੇਤਨਤਾ, ਰੋਕਥਾਮ, ਦਖਲਅੰਦਾਜ਼ੀ, ਅਤੇ ਹਿਫਾਜ਼ਤੀ ਪ੍ਰੋਗਰਾਮਾਂ ਨੂੰ ਉਤਸ਼ਾਹ ਦੇਣ ਵਿਚ ਮਾਪਿਆਂ ਦੀ ਮਦਦ ਸ਼ਾਮਲ ਕਰਨਾ ਚਾਹੁੰਦੇ ਹਨ।

ਇਸ ਗਾਈਡ ਵਿਚ ਵਰਤੇ ਗਏ ਸ਼ਬਦ “ਬੱਚਾ” ਜਾਂ “ਵਿਦਿਆਰਥੀ” ਤੋਂ ਭਾਵ 19 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਵਿਅਕਤੀ ਹੈ। “ਮਾਪਾ” ਸ਼ਬਦ ਇਸ ਤਰ੍ਹਾਂ ਵਰਤਿਆ ਗਿਆ ਹੈ ਜਿਸ ਤਰ੍ਹਾਂ ਇਸ ਨੂੰ *ਬੀ ਸੀ ਸਕੂਲ ਐਕਟ* ਵਿਚ ਵਰਤਿਆ ਗਿਆ ਹੈ।

“ਮਾਪੇ” ਦਾ ਮਤਲਬ ਉਸ ਵਿਦਿਆਰਥੀ ਜਾਂ ਬੱਚੇ ਨਾਲ ਸੰਬੰਧਿਤ ਹੈ ਜਿਹੜਾ ਸੈਕਸ਼ਨ 13 ਅਧੀਨ ਰਜਿਸਟਰ ਹੈ,

ਏ) ਵਿਦਿਆਰਥੀ ਜਾਂ ਬੱਚੇ ਦਾ ਸਰਪਰਸਤ,

ਬੀ) ਉਹ ਵਿਅਕਤੀ ਜਿਸ ਕੋਲ ਵਿਦਿਆਰਥੀ ਜਾਂ ਬੱਚੇ ਦੀ ਕਾਨੂੰਨੀ ਸੰਭਾਲ (ਕਸਟੱਡੀ) ਹੈ, ਜਾਂ

ਸੀ) ਉਹ ਵਿਅਕਤੀ ਜਿਸ ਕੋਲ ਵਿਦਿਆਰਥੀ ਜਾਂ ਬੱਚੇ ਦੀ ਸੰਭਾਲ ਅਤੇ ਕੰਟਰੋਲ ਹੈ।

*ਇਸ ਪ੍ਰੀਭਾਸ਼ਾ ਵਿਚ ਹੋਰ ਲੋਕ ਨਹੀਂ ਆਉਂਦੇ ਜਿਵੇਂ ਕਿ ਵੱਡੇ ਪਰਿਵਾਰ ਦੇ ਮੈਂਬਰ ਜਾਂ ਦੋਸਤ ਜੋ ਕਿ ਮਾਪਿਆਂ ਦੇ ਤੌਰ ਤੇ ਕਾਰਜ ਕਰਦੇ ਹੋ ਸਕਦੇ ਹਨ। ਇਹ ਗਾਈਡ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਵੀ ਹੈ।*

ਬੀ ਸੀ ਕੌਨਫੈਡਰੇਸ਼ਨ ਆਫ ਪੇਰੇਂਟ ਅਡਵਾਈਜ਼ਰੀ ਕੌਂਸਲਜ਼ (ਬੀ ਸੀ ਸੀ ਪੀ ਏ ਸੀ) ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਨਿਸਟਰੀ ਆਫ ਐਜੂਕੇਸ਼ਨ ਰਾਹੀਂ ਮਿਲੀ ਮਾਇਕ ਸਹਾਇਤਾ ਲਈ ਧੰਨਵਾਦ ਕਰਦੀ ਹੈ।

BCCPAC

BRITISH COLUMBIA
Ministry of Education

# ਤਤਕਰਾ


ਤੰਗ ਕਰਨਾ ਅਤੇ ਡਰਾਉਣਾ-ਧਮਕਾਉਣਾ ਕੀ ਹੈ? ..... 1

ਤੰਗ ਕੌਣ ਕਰਦਾ ਹੈ? ..... 2

ਮਾਪੇ ਕੀ ਕਰ ਸਕਦੇ ਹਨ ..... 3

ਆਪਣੇ ਬੱਚੇ ਨੂੰ ਬੜੇ ਧਿਆਨ ਨਾਲ ਸੁਣੋ ..... 3

ਫੈਸਲਾ ਕਰੋ ਕਿ ਤੁਸੀਂ ਕਿਵੇਂ ਮਦਦ ਕਰ ਸਕਦੇ ਹੋ ..... 3

ਸਕੂਲ ਨਾਲ ਰਲ ਕੇ ਕੰਮ ਕਰਨਾ ..... 4

ਸਹੀ ਕਾਰਵਾਈ ਕਰੋ ..... 5

ਸਕੂਲ ਦੇ ਬਾਹਰੋਂ ਸਹਾਇਤਾ ਇਕੱਠੀ ਕਰੋ ..... 5

ਜਦੋਂ ਤੁਹਾਡਾ ਬੱਚਾ ਸ਼ਿਕਾਰ ਹੁੰਦਾ ਹੈ ..... 6

ਜਦੋਂ ਤੁਹਾਡਾ ਬੱਚਾ ਤਮਾਸ਼ਬੀਨ ਹੁੰਦਾ ਹੈ ..... 7

ਜਦੋਂ ਤੁਹਾਡਾ ਬੱਚਾ ਤੰਗ ਕਰਦਾ ਹੈ ..... 7

ਅਪੀਲ ਕਰਨ ਦਾ ਤੁਹਾਡਾ ਹੱਕ ..... 9

ਸਵੈ-ਸਹਾਇਤਾ ਗਾਈਡ ..... 10

ਪੇਰੇਂਟ ਅਡਵਾਈਜ਼ਰੀ ਕੌਂਸਲ (ਪੀ ਏ ਸੀ ਅਤੇ ਡੀ ਪੀ ਏ ਸੀਜ਼) ਦਾ ਰੋਲ ..... 12

ਤੁਹਾਡਾ ਸਕੂਲ ਕਿੰਨਾ ਸੁਰੱਖਿਅਤ ਹੈ? ..... 13

ਮਾਪਿਆਂ ਨੂੰ ਕੀ ਜਾਣਨ ਦੀ ਲੋੜ ਹ? ਹੱਕ ਅਤੇ ਜ਼ਿੰਮੇਵਾਰੀਆਂ ..... 15

ਸਿਫਾਰਸ਼ ਕੀਤੀਆਂ ਕਿਤਾਬਾਂ ਅਤੇ ਵੀਡਿਓ ..... 17

ਹੋਰ ਵਸੀਲੇ ..... 18

# ਤੰਗ ਕਰਨਾ ਅਤੇ ਡਰਾਉਣਾ-ਧਮਕਾਉਣਾ ਕੀ ਹੈ?

*ਗੇਲ ਅਤੇ ਉਸ ਦੀ ਸਹੇਲੀ ਜੇਨ ਨੇ ਕਲਾਸ ਤੋਂ ਬਾਅਦ ਆਪਣਾ ਕੰਮ ਖਤਮ ਕਰਨ ਅਤੇ ਆਪਣੀਆਂ ਚੀਜ਼ਾਂ ਇਕੱਠੀਆਂ ਕਰਨ ਲਈ ਕੁਝ ਮਿੰਟ ਲਾਏ। ਜਦੋਂ ਉਹ ਕਲਾਸਰੂਮ ਦੇ ਦਰਵਾਜ਼ੇ ਕੋਲ ਆਈਆਂ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਕੁੜੀਆਂ ਦਾ ਇਕ ਗਰੁੱਪ ਉੱਥੇ ਇਕੱਠਾ ਹੋ ਗਿਆ ਸੀ। ਵੈਰਭਾਵੀ ਗਰੁੱਪ ਨੇ ਜੇਨ ਵੱਲ ਡਰਾਉਣ ਦੇ ਅੰਦਾਜ਼ ਵਿਚ ਝਾਕਿਆ। ਜਦੋਂ ਦੋਨੋਂ ਸਹੇਲੀਆਂ ਕੋਲ ਦੀ ਲੰਘੀਆਂ ਤਾਂ ਗੇਲ ਨੂੰ ਸੁਣਾਈ ਦਿੱਤਾ "ਲੂਜ਼ਰ", ਅਤੇ ਉਸ ਦੀ ਸਹੇਲੀ ਬਾਰੇ ਹੋਰ ਅਪਮਾਨਜਨਕ ਸ਼ਬਦ ਬੋਲੇ ਗਏ। ਉਹ ਅਤੇ ਜੇਨ ਬੌਂਦਲੀਆਂ ਹੋਈਆਂ ਛੇਤੀ ਤੋਂ ਛੇਤੀ ਉੱਥੋਂ ਚਲੀਆਂ ਗਈਆਂ।*

ਵਿਦਿਆਰਥੀਆਂ ਨੂੰ ਇਹ ਹੱਕ ਹੈ ਕਿ ਉਨ੍ਹਾਂ ਦਾ ਪੜ੍ਹਾਈ ਦਾ ਮਾਹੌਲ ਭੈ-ਰਹਿਤ, ਸੁਰੱਖਿਅਤ ਅਤੇ ਸੁਆਗਤ ਕਰਨ ਵਾਲਾ ਹੋਵੇ। ਅਧਿਆਪਕਾਂ ਅਤੇ ਸਹਾਇਤਾ ਕਰਨ ਵਾਲੇ ਹੋਰ ਸਟਾਫ ਨੂੰ ਵੀ ਇਹ ਹੱਕ ਹੈ ਕਿ ਉਨ੍ਹਾਂ ਦੇ ਕੰਮ ਕਰਨ ਦਾ ਮਾਹੌਲ ਤੰਗ ਕਰਨ ਵਾਲਾ ਨਾ ਹੋਵੇ ਜਿਸ ਦਾ ਵੇਰਵਾ ਸਕੂਲ ਬੋਰਡਾਂ ਨਾਲ ਹੋਏ ਸਾਂਝੇ ਸਮਝੌਤਿਆਂ ਵਿਚ ਦਰਜ ਹੈ।[1]

ਤੰਗ ਕਰਨਾ (ਹਰਾਸਮੈਂਟ) ਕੋਈ ਵੀ ਉਹ ਵਰਤਾਉ ਜਾਂ ਟਿੱਪਣੀ ਹੈ ਜਿਹੜੀ ਕਿਸੇ ਦੂਜੇ ਵਿਅਕਤੀ ਨੂੰ ਦੁੱਖ ਪਹੁੰਚਾਉਂਦੀ ਹੈ, ਅਨਾਦਰ ਕਰਦੀ ਹੈ, ਉਸ ਦਾ ਅਪਮਾਨ ਕਰਦੀ ਹੈ ਜਾਂ ਹਮਲਾਕਾਰੀ ਹੈ। ਡਰਾਉਣਾ-ਧਮਕਾਉਣਾ (ਇਨਟਿਮੀਡੇਸ਼ਨ) ਡਰ ਪੈਦਾ ਕਰਨ ਦਾ ਕਾਰਜ ਹੈ ਤਾਂ ਜੋ ਕਿਸੇ ਹੋਰ ਨੂੰ ਕੁਝ ਕਰਨ ਜਾਂ ਨਾ ਕਰਨ ਲਈ ਮਜ਼ਬੂਰ ਕੀਤਾ ਜਾ ਸਕੇ ਜਾਂ ਉਸ ਤੇ ਅਸਰ ਪਾਇਆ ਜਾ ਸਕੇ।

ਤੰਗ ਕਰਨ ਅਤੇ ਡਰਾਉਣ-ਧਮਕਾਉਣ ਦੀਆਂ ਨਿਸ਼ਾਨੀਆਂ ਸਪਸ਼ਟ ਹੋ ਸਕਦੀਆਂ ਹਨ। ਉਦਾਹਰਣ ਲਈ, ਤੁਹਾਡਾ ਬੱਚਾ ਤੁਹਾਨੂੰ ਕਿਸੇ ਸਮੱਸਿਆ ਬਾਰੇ ਦੱਸ ਸਕਦਾ ਹੈ। ਪਰ, ਤੰਗ ਕਰਨਾ ਅਤੇ ਡਰਾਉਣਾ-ਧਮਕਾਉਣਾ ਘੱਟ ਸਪਸ਼ਟ ਜਾਂ ਲੁਕਵਾਂ ਵੀ ਹੋ ਸਕਦਾ ਹੈ। ਅੱਗੇ ਲਿਖੀਆਂ ਕੁਝ ਨਿਸ਼ਾਨੀਆਂ ਇਹ ਦੱਸ ਸਕਦੀਆਂ ਹਨ ਕਿ ਤੁਹਾਡੇ ਬੱਚੇ ਨੂੰ ਤੰਗ ਕੀਤਾ ਅਤੇ ਡਰਾਇਆ-ਧਮਕਾਇਆ ਜਾ ਰਿਹਾ ਹੈ...ਜਾਂ ਉਹ ਤੰਗ ਕਰ ਰਿਹਾ ਹੈ:

- ✓ ਕੀ ਤੁਹਾਡਾ ਬੱਚਾ ਮਾੜੇ ਵਰਤਾਉ ਦੀ ਸ਼ਿਕਾਇਤ ਕਰ ਰਿਹਾ ਹੈ?
- ✓ ਕੀ ਤੁਸੀਂ ਬਦਲੇ ਵਤੀਰੇ ਦੀਆਂ ਨਿਸ਼ਾਨੀਆਂ ਦੇਖੀਆਂ ਹਨ? ਉਨੀਂਦਰਾ, ਚਿੰਤਾ?
- ✓ ਕੀ ਤੁਹਾਡਾ ਬੱਚਾ ਘਰੋਂ ਬਾਹਰ ਜਾਣ ਜਾਂ ਸਕੂਲ ਜਾਣ ਤੋਂ ਡਰਦਾ ਹੈ?
- ✓ ਕੀ ਤੁਹਾਡਾ ਬੱਚਾ ਸਕੂਲ ਛੱਡਣ ਬਾਰੇ ਕਹਿੰਦਾ ਹੈ ਪਰ ਕਾਰਨਾਂ ਬਾਰੇ ਅਸਪਸ਼ਟ ਹੈ?
- ✓ ਕੀ ਤੁਹਾਡਾ ਬੱਚਾ ਨਵੇਂ ਕੱਪੜੇ ਜਾਂ ਹੋਰ ਚੀਜ਼ਾਂ, ਜਾ ਪੈਸੇ ਲੈ ਕੇ ਘਰ ਆ ਰਿਹਾ ਹੈ ਜਿਸ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ?
- ✓ ਕੀ ਤੁਹਾਡੇ ਬੱਚੇ ਦੂਜੇ ਵਿਦਿਆਰਥੀਆਂ ਦੇ ਵਤੀਰੇ ਦਾ ਜਵਾਬ ਇਸ ਤਰੀਕੇ ਨਾਲ ਦੇਣ ਬਾਰੇ ਗੱਲ ਕਰ ਰਿਹਾ ਹੈ ਜਿਸ ਨਾਲ ਸਕੂਲ ਤੁਹਾਡੇ ਬੱਚੇ ਖਿਲਾਫ ਅਨੁਸ਼ਾਸ਼ਨੀ ਕਾਰਵਾਈ ਕਰ ਸਕਦਾ ਹੈ?
- ✓ ਕੀ ਤੁਹਾਡੇ ਬੱਚੇ ਦੇ ਗਰੇਡ ਤੇਜ਼ੀ ਨਾਲ ਘੱਟ ਗਏ ਹਨ?

**ਤੰਗ ਕਰਨ ਅਤੇ ਡਰਾਉਣ-ਧਮਕਾਉਣ ਦੀਆਂ ਕੁਝ ਉਦਾਹਰਣਾਂ:**

- ✓ ਗਾਲ੍ਹਾਂ ਕੱਢਣਾ
- ✓ ਤੰਗ ਕਰਨਾ
- ✓ ਕਿਸੇ ਥਾਂ ਤੇ ਕੈਦ ਕਰਨਾ
- ✓ ਨਸਲਵਾਦੀ ਜਾਂ ਹੋਮੋਫੋਬਿਕ ਟਿੱਪਣੀਆਂ ਕਰਨਾ
- ✓ ਇਸ ਤਰ੍ਹਾਂ ਛੂਹਣਾ ਜਿਹੜਾ ਪਸੰਦ ਨਾ ਹੋਵੇ
- ✓ ਧਮਕਾਉਣ ਵਾਲੇ ਨੋਟ, ਚਿੱਠੀਆਂ, ਈਮੇਲਾਂ
- ✓ ਧਮਕਾਉਣ ਵਾਲੇ ਸ਼ਬਦ, ਕਾਰਵਾਈਆਂ ਜਾਂ ਹਥਿਆਰ
- ✓ ਟਾਂਚਾਂ ਕਰਨਾ
- ✓ ਕਿਸੇ ਗਰੁੱਪ ਵਿਚੋਂ ਬਾਹਰ ਰੱਖਣਾ
- ✓ ਅਫਵਾਹਾਂ ਫਲਾਉਣਾ
- ✓ ਧਮਕਾਉਣ ਜਾਂ ਬੇਇਜ਼ਤੀ ਕਰਨ ਵਾਲੇ ਸ਼ਬਦ ਚੀਜ਼ਾਂ ਉਪਰ ਲਿਖਣਾ
- ✓ ਪਿੱਛਾ ਕਰਨਾ
- ✓ ਧੱਕੇ ਨਾਲ ਚੀਜ਼ਾਂ ਲੈਣਾ

[1] ਬਹੁਤ ਸਾਰੀਆਂ ਸੰਸਥਾਵਾਂ ਆਪਣੇ ਸਾਂਝੇ ਸਮਝੌਤਿਆਂ ਵਿਚ ਤੰਗ ਕਰਨ (ਹਰਾਸਮੈਂਟ) ਦੀ ਪ੍ਰੀਭਾਸ਼ਾ ਦਿੰਦੀਆਂ ਹਨ। ਉਦਾਹਰਣ ਲਈ, ਟੀਚਰਜ਼ ਪ੍ਰੌਵਿੰਸ਼ੀਅਲ ਕੋਲੈੱਕਟਿਵ ਐਗਰੀਮੈਂਟ (ਪੀ ਸੀ ਏ) ਦਾ ਆਰਟੀਕਲ ਈ 2.2 ਤੰਗ ਕਰਨ ਨੂੰ ਇਸ ਤਰ੍ਹਾਂ ਪ੍ਰੀਭਾਸ਼ਤ ਕਰਦਾ ਹੈ:

- ਕਾਮੁਕ ਤੌਰ ਤੇ ਤੰਗ ਕਰਨਾ; ਜਾਂ
- ਕੋਈ ਵੀ ਨਾਵਾਜਬ ਵਰਤਾਉ, ਜਿਹੜਾ ਕਿਸੇ ਵੀ ਵਿਅਕਤੀ ਵੱਲ ਅਪਣਾਇਆ ਜਾਂਦਾ ਹੈ, ਜਾਂ ਹੇਠੀ ਭਰਿਆ ਹੁੰਦਾ ਹੈ ਅਤੇ ਜਿਸ ਦਾ ਸੁਆਗਤ ਨਹੀਂ ਹੁੰਦਾ ਅਤੇ ਜਿਸ ਦਾ ਉਸ ਵਿਅਕਤੀ ਨੂੰ ਪਤਾ ਹੁੰਦਾ ਹੈ ਜਾਂ ਵਾਜਬ ਤੌਰ ਤੇ ਪਤਾ ਹੋਣਾ ਚਾਹੀਦਾ ਹੈ ਕਿ ਇਸ ਦਾ ਸੁਆਗਤ ਨਹੀਂ ਹੋਵੇਗਾ; ਜਾਂ
- ਇਤਰਾਜ਼ਯੋਗ ਸਲੂਕ, ਟਿੱਪਣੀ, ਸਮੱਗਰੀ ਜਾਂ ਪ੍ਰਦਰਸ਼ਨ ਜੋ ਕਿ ਇਕ ਵਾਰੀ ਜਾਂ ਨਿਰੰਤਰ ਕੀਤਾ ਜਾਂਦਾ ਹੈ ਅਤੇ ਜਿਹੜਾ ਦੂਜੇ ਵਿਅਕਤੀ ਦਾ ਮਾਣ ਘਟਾਉਂਦਾ ਹੈ, ਉਸ ਨੂੰ ਛੁਟਿਆਉਂਦਾ ਹੈ, ਡਰਾਉਂਦਾ ਹੈ, ਜਾਂ ਜ਼ਲੀਲ ਕਰਦਾ ਹੈ; ਜਾਂ
- ਤਾਕਤ ਜਾਂ ਸ਼ਕਤੀ ਦੀ ਇਸ ਤਰੀਕੇ ਨਾਲ ਵਰਤੋਂ ਜਿਸ ਦਾ ਕੰਮ ਨਾਲ ਸੰਬੰਧਿਤ ਕੋਈ ਜਾਇਜ਼ ਮਕਸਦ ਨਹੀਂ ਹੈ ਅਤੇ ਜਿਸ ਦਾ ਉਸ ਵਿਅਕਤੀ ਨੂੰ ਵਾਜਬ ਤੌਰ ਤੇ ਪਤਾ ਹੋਣਾ ਚਾਹੀਦਾ ਹੈ ਕਿ ਇਹ ਵਾਜਬ ਨਹੀਂ ਹੈ; ਜਾਂ
- ਡਰਾਉਣ, ਧਮਕੀਆਂ ਦੇਣ, ਜ਼ੋਰਾਵਰੀ ਅਤੇ ਬਲੈਕਮੇਲ ਦੇ ਤੌਰ ਤੇ ਤਾਕਤ ਜਾਂ ਸ਼ਕਤੀ ਦੀ ਦੁਰਵਰਤੋਂ।

**ਵਿਦਿਆਰਥੀਆਂ, ਸਟਾਫ ਅਤੇ ਵਲੰਟੀਅਰਾਂ ਨੂੰ ਇਹ ਹੱਕ ਹੈ ਕਿ ਉਨ੍ਹਾਂ ਦੇ ਸਿੱਖਣ ਦਾ ਅਤੇ ਕੰਮ ਕਰਨ ਦਾ ਮਾਹੌਲ ਭੈ-ਰਹਿਤ, ਸੁਰੱਖਿਅਤ ਅਤੇ ਸੁਆਗਤ ਕਰਨ ਵਾਲਾ ਹੋਵੇ। ਕਿਸੇ ਵਲੋਂ ਵੀ ਧੱਕੇਸ਼ਾਹੀ, ਡਰਾਉਣ-ਧਮਕਾਉਣ, ਵਿਤਕਰੇ ਜਾਂ ਤੰਗ ਕਰਨ ਦੀਆਂ ਕਾਰਵਾਈਆਂ ਬਿਲਕੁਲ ਬਰਦਾਸ਼ਤ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ (ਜ਼ਿਆਦਾ ਜਾਣਕਾਰੀ ਲਈ *ਬੀ ਸੀ ਸੇਫ ਸਕੂਲਜ਼ ਐਂਡ ਕਮਿਊਨਟੀਜ਼ ਸੈਂਟਰ*, ਸਫਾ 18 ਦੇਖੋ)।**

ਜੇ ਇਸ ਦਾ ਹੱਲ ਨਾ ਕੀਤਾ ਜਾਵੇ ਤਾਂ ਤੰਗ ਕਰਨ ਅਤੇ ਡਰਾਉਣ-ਧਮਕਾਉਣ ਨਾਲ ਸਕੂਲ ਦੇ ਮਾਹੌਲ ਵਿਚ:

- ਵਿਦਿਆਰਥੀਆਂ ਦੇ ਸਕੂਲ ਦੇ ਕੰਮ ਤੇ ਅਸਰ ਪੈਂਦਾ ਹੈ
- ਉਨ੍ਹਾਂ ਦੀ ਸਕੂਲ ਵਿਚ ਹਾਜ਼ਰੀ ਘਟਦੀ ਹੈ
- ਉਨ੍ਹਾਂ ਦੀ ਸਰੀਰਕ, ਜਜ਼ਬਾਤੀ ਅਤੇ ਮਾਨਸਿਕ ਭਲਾਈ ਤੇ ਅਸਰ ਪੈਂਦਾ ਹੈ
- ਉਨ੍ਹਾਂ ਵਿਚ ਬਦਲੇ ਦੀ ਭਾਵਨਾ ਪੈਦਾ ਹੁੰਦੀ ਹੈ।

ਬਹੁਤੇ ਕੇਸਾਂ ਵਿਚ, ਇਹ ਸਮੱਸਿਆ ਸਕੂਲ ਤੋਂ ਬਾਹਰ ਵੀ ਜਾਰੀ ਰਹਿੰਦੀ ਹੈ ਅਤੇ ਨਾ ਸਿਰਫ ਬੱਚਿਆਂ ਅਤੇ ਪਰਿਵਾਰਾਂ ਤੇ ਅਸਰ ਪਾਉਂਦੀ ਹੈ ਸਗੋਂ ਵੱਡੀ ਕਮਿਊਨਟੀ ਨੂੰ ਵੀ ਪ੍ਰਭਾਵਿਤ ਕਰਦੀ ਹੈ। ਗੰਭੀਰ ਹਾਲਤਾਂ ਵਿਚ ਨਤੀਜਾ, ਖ਼ੁਦਕਸ਼ੀ ਵਿਚ ਅਤੇ ਆਪਣੇ ਆਪ ਤੇ ਜਾਂ ਦੂਸਰਿਆਂ ਵੱਲ ਕਿਸੇ ਹੋਰ ਕਿਸਮ ਦੀ ਗੰਭੀਰ ਹਿੰਸਾ ਵਿਚ ਨਿਕਲ ਸਕਦਾ ਹੈ। ਵਿਦਿਆਰਥੀਆਂ, ਮਾਪਿਆਂ ਅਤੇ ਪਰਿਵਾਰਾਂ, ਸਕੂਲ ਅਤੇ ਜ਼ਿਲ੍ਹੇ ਦੇ ਸਟਾਫ ਅਤੇ ਕਮਿਊਨਟੀ ਦੇ ਮੈਂਬਰਾਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦੀ ਪਛਾਣ ਕਰਨ ਅਤੇ ਇਸ ਨਾਲ ਸਿੱਝਣ ਲਈ ਰਲ ਕੇ ਕੰਮ ਕਰਨ।

**ਐਜੂਕੇਸ਼ਨ ਪਾਲਸੀ ਆਰਡਰ ਦਾ ਬਿਆਨ ਅੱਗੇ ਲਿਖਿਆਂ ਨੂੰ ਸਰਕਾਰੀ ਪੜ੍ਹਾਈ ਦਾ ਇਕ ਟੀਚਾ ਦੱਸਦਾ ਹੈ, ਜਿਸ ਬਿਆਨ ਵਿਚ ਸਕੂਲ, ਪਰਿਵਾਰ ਅਤੇ ਕਮਿਊਨਟੀ ਸਾਂਝੀਦਾਰ ਹਨ:**

- **ਮਨੁੱਖੀ ਅਤੇ ਸਮਾਜਿਕ ਵਿਕਾਸ – ਵਿਦਿਆਰਥੀਆਂ ਵਿਚ ਸਵੈ-ਕਦਰ ਅਤੇ ਨਿੱਜੀ ਉੱਦਮ ਦੀ ਭਾਵਨਾ ਪੈਦਾ ਕਰਨ ਲਈ... ਸਮਾਜਿਕ ਜ਼ਿੰਮੇਵਾਰੀ, ਸਹਿਣਸ਼ੀਲਤਾ ਅਤੇ ਦੂਜਿਆਂ ਦੇ ਖਿਆਲਾਂ ਅਤੇ ਵਿਸ਼ਵਾਸ਼ਾਂ ਪ੍ਰਤੀ ਆਦਰ ਦੀ ਭਾਵਨਾ ਪੈਦਾ ਕਰਨ ਲਈ।**

## ਤੰਗ ਕੌਣ ਕਰਦਾ ਹੈ?

ਕੋਈ ਵੀ ਤੰਗ ਕਰ ਸਕਦਾ ਹੈ। ਤੰਗ ਕਰਨ ਦਾ ਕੰਮ ਸਕੂਲ ਵਿਚ ਅਤੇ ਸਕੂਲ ਤੋਂ ਬਾਹਰ ਹੋ ਸਕਦਾ ਹੈ ਅਤੇ ਇਸ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਵਿਦਿਆਰਥੀ
- ਅਧਿਆਪਕ
- ਸਹਾਇਤਾ ਕਰਨ ਵਾਲਾ ਸਟਾਫ
- ਪ੍ਰਬੰਧਕ
- ਹੋਰ ਬਾਲਗ (ਜਿਵੇਂ ਬੱਸ ਡਰਾਈਵਰ, ਵਲੰਟੀਅਰ, ਮਾਪੇ)
- ਹੋਰ ਮੁੰਡੇ-ਕੁੜੀਆਂ (ਜਿਹੜੇ ਉਸ ਸਕੂਲ ਨਹੀਂ ਜਾਂਦੇ)।

ਤੰਗ ਕਰਨ ਦਾ ਵਤੀਰਾ ਇਕ ਸਿਖਿਆ ਹੋਇਆ ਵਤੀਰਾ ਹੁੰਦਾ ਹੈ ਜਿਸ ਨੂੰ ਬਦਲਿਆ ਜਾ ਸਕਦਾ ਹੈ। ਇਸ ਬਾਰੇ ਜ਼ਿਆਦਾ ਸਮਝਣ ਲਈ ਕਿ ਕੌਣ ਅਤੇ ਕਿਉਂ ਤੰਗ ਕਰਦਾ ਹੈ, ਬੀ ਸੀ ਮਨਿਸਟਰੀ ਆਫ ਐਜੂਕੇਸ਼ਨ ਦੀ ਗਾਈਡ *ਹੈਲਪਿੰਗ ਆਵਰ ਕਿਡਜ਼ ਲਿਵ ਵਾਇਲੈਂਸ ਫਰੀ: ਏ ਪੇਰੇਂਟਸ ਗਾਈਡ (ਗਰੇਡ 8 ਤੋਂ 12 ਦੇ ਵਿਦਿਆਰਥੀਆਂ ਲਈ)* ਦੇਖੋ।

http://www.bced.gov.bc.ca/live_vf/

*ਫਿਲਿਪ ਪਿਛਲੇ ਤਿੰਨ ਮਹੀਨਿਆਂ ਤੋਂ ਆਪਣੀ ਸੋਸ਼ਲ ਸਟੱਡੀਜ਼ ਦੀ ਕਲਾਸ ਵਿਚੋਂ ਬਦਲੀ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸ ਨੂੰ ਕੋਈ ਕਾਮਯਾਬੀ ਨਾ ਮਿਲੀ। ਉਹ ਮਹਿਸੂਸ ਕਰਦਾ ਹੈ ਕਿ ਉਸ ਦਾ ਅਧਿਆਪਕ ਨਾਸਮਝ ਅਤੇ ਕਮੀਨਾ ਹੈ। ਉਸ ਦਾ ਯਕੀਨ ਹੈ ਕਿ ਮਾਰਕਿੰਗ ਪੱਖਪਾਤੀ ਹੈ, ਉਸ ਨੂੰ ਬਿਨਾਂ ਕਾਰਨ ਦੇ ਚੁੱਪ ਕਰਾ ਦਿੱਤਾ ਜਾਂਦਾ ਹੈ ਅਤੇ ਕਲਾਸ ਵਿਚ ਕੁਝ ਵਿਦਿਆਰਥੀਆਂ ਦਾ ਪੱਖ ਲਿਆ ਜਾ ਰਿਹਾ ਹੈ। ਅੱਜ ਜਦੋਂ ਫਿਲਿਪ ਨੇ ਕਲਾਸ ਵਿਚ ਜਵਾਬ ਦਿੱਤਾ ਤਾਂ ਅਧਿਆਪਕ ਸਾਰੀ ਕਲਾਸ ਦੇ ਸਾਹਮਣੇ ਉੱਚੀ ਦੇਣੀ ਬੋਲਿਆ, "ਜੇ ਤੇਰੇ ਕੋਲ ਦਿਮਾਗ ਹੋਵੇ ਤਾਂ ਤੂੰ ਖਤਰਨਾਕ ਹੋ ਸਕਦਾਂ!"*

# ਮਾਪੇ ਕੀ ਕਰ ਸਕਦੇ ਹਨ

ਸਾਡੇ ਬੱਚਿਆਂ ਨੂੰ ਜਜ਼ਬਾਤੀ ਅਤੇ ਸਰੀਰਕ ਤੌਰ ਤੇ ਸੁਰੱਖਿਅਤ ਰਹਿਣ ਦੀ ਲੋੜ ਹੈ। ਸੈਕੰਡਰੀ ਸਕੂਲ ਦੇ ਵਿਦਿਆਰਥੀ ਦੇ ਮਾਪੇ ਵਜੋਂ ਤੁਸੀਂ ਆਪਣੇ ਬੱਚੇ ਦੀਆਂ ਸਰਗਰਮੀਆਂ ਤੇ ਨਿਗ੍ਹਾ ਰੱਖਣਾ ਅਤੇ ਨਿਗਰਾਨੀ ਕਰਨਾ ਜਾਰੀ ਰੱਖੋਗੇ। ਆਪਣੇ ਬੱਚੇ ਦੀ ਪ੍ਰਤੀਨਿਧਤਾ ਕਰਨ ਤੋਂ ਇਲਾਵਾ, ਤੁਹਾਡਾ ਰੋਲ ਉਨ੍ਹਾਂ ਨੂੰ ਉਹ ਹੁਨਰ ਸਿਖਾਉਣ ਵਿਚ ਮਦਦ ਕਰਨਾ ਵੀ ਹੈ ਜਿਹੜੇ ਆਪਣੇ ਆਪ ਕਾਰਵਾਈ ਕਰਨ ਵਿਚ ਉਨ੍ਹਾਂ ਦੀ ਮਦਦ ਕਰਨ। ਜਦੋਂ ਸਕੂਲ ਵਿਚ ਕੁਝ ਗਲਤ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਇਹ ਜਾਣਨ ਦੀ ਲੋੜ ਹੁੰਦੀ ਹੈ ਕਿ ਉਹ ਸੇਧ ਅਤੇ ਸਹਾਇਤਾ ਲਈ ਕੀ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਕਿਹੜੀ ਕਾਰਵਾਈ ਦੀ ਆਸ ਰੱਖਣੀ ਚਾਹੀਦੀ ਹੈ। ਮਾਪੇ ਅਤੇ ਪਰਿਵਾਰ ਬੱਚਿਆਂ ਦੀ ਇਹ ਸਮਝਣ ਵਿਚ ਮਦਦ ਕਰ ਸਕਦੇ ਹਨ ਕਿ ਤੰਗ ਕਰਨ ਬਾਰੇ ਰਿਪੋਰਟ ਕਰਨਾ ਕਿੰਨਾ ਮਹੱਤਵਪੂਰਨ ਹੈ ਅਤੇ ਉਹ ਸ਼ਿਕਾਇਤ ਅਤੇ ਪੜਤਾਲ ਦੇ ਕਾਰਜ ਵਿਚ ਉਨ੍ਹਾਂ ਨੂੰ ਸੇਧ ਦੇ ਸਕਦੇ ਹਨ।

> **"ਬੱਚੇ ਦੇ ਬਿਹਤਰ ਹਿੱਤ ਸੇਧ ਦੇਣ ਵਾਲੇ ਉਹ ਸਿਧਾਂਤ ਹੋਣੇ ਚਾਹੀਦੇ ਹਨ ਜਿਹੜੇ ਉਸਦੀ ਪੜ੍ਹਾਈ ਅਤੇ ਸੇਧ ਲਈ ਜ਼ਿੰਮੇਵਾਰ ਹਨ; ਇਹ ਜ਼ਿੰਮੇਵਾਰੀ ਸੱਭ ਤੋਂ ਪਹਿਲਾਂ ਮਾਪਿਆਂ ਦੀ ਹੈ।"**
>
> *ਯੂਨਾਈਟਡ ਨੇਸ਼ਨਜ਼ ਦਾ ਬੱਚੇ ਦੇ ਹੱਕਾਂ ਦਾ ਐਲਾਨਨਾਮਾ, ਆਰਟੀਕਲ 7, 1959*

## ਆਪਣੇ ਬੱਚੇ ਨੂੰ ਬੜੇ ਧਿਆਨ ਨਾਲ ਸੁਣੋ

ਸੈਕੰਡਰੀ ਸਕੂਲ ਦੇ ਬਹੁਤੇ ਵਿਦਿਆਰਥੀ ਆਪਣੇ ਮਾਪਿਆਂ ਅਤੇ ਪਰਿਵਾਰਾਂ ਨੂੰ ਸ਼ਾਮਲ ਕਰਨ ਵਿਚ ਹਿਚਕਚਾਹਟ ਮਹਿਸੂਸ ਕਰ ਸਕਦੇ ਹਨ। ਉਹ ਸੋਚ ਸਕਦੇ ਹਨ:

- ਤੁਸੀਂ ਹਾਲਤ ਨੂੰ ਹੋਰ ਖਰਾਬ ਕਰੋਗੇ
- ਤੁਹਾਡੀ ਸਹਾਇਤਾ ਨਾਲ ਵੀ, ਸਕੂਲ ਉਨ੍ਹਾਂ ਦੇ ਫਿਕਰਾਂ ਨੂੰ ਨਜ਼ਰਅੰਦਾਜ਼ ਕਰ ਦੇਵੇਗਾ
- ਉਨ੍ਹਾਂ ਤੋਂ ਬਦਲਾ ਲਿਆ ਜਾਵੇਗਾ
- ਸਮੱਸਿਆ ਇੰਨੀ ਵੱਡੀ ਨਹੀਂ ਹੈ
- ਉਹ ਇਸ ਸਮੱਸਿਆ ਨਾਲ ਆਪ ਹੀ ਸਿੱਝ ਸਕਦੇ ਹਨ।

> ***ਆਪਣੇ ਫਿਕਰ ਲਿਖਣ ਵਿਚ ਮਦਦ ਲਈ ਸਫਾ 10 ਤੇ ਸਵੈ-ਸਹਾਇਤਾ ਗਾਈਡ ਵਰਤੋ।***

ਬੱਚੇ ਤੰਗ ਕਰਨ ਬਾਰੇ ਉਦੋਂ ਗੱਲ ਕਰਨਗੇ ਜਦੋਂ ਉਨ੍ਹਾਂ ਨੂੰ ਇਹ ਪਤਾ ਹੋਵੇ ਕਿ ਤੁਸੀਂ ਉਨ੍ਹਾਂ ਨੂੰ ਸੁਣੋਗੇ ਅਤੇ ਉਨ੍ਹਾਂ ਦੀ ਮਦਦ ਕਰੋਗੇ। ਜਦੋਂ ਤੁਸੀਂ ਆਪਣੇ ਬੱਚੇ ਨੂੰ ਸੁਣੋਗੇ ਤਾਂ ਹੋਈ ਗੱਲਬਾਤ ਤੁਹਾਨੂੰ ਆਪਣੀ ਸ਼ਮੂਲੀਅਤ ਦੇ ਪੱਧਰ ਬਾਰੇ ਫੈਸਲਾ ਕਰਨ ਵਿਚ ਮਦਦ ਕਰੇਗੀ। ਅੱਗੇ ਲਿਖੇ ਸਵਾਲਾਂ ਤੇ ਵਿਚਾਰ ਕਰੋ:

- ✓ ਕੀ ਮੇਰੇ ਬੱਚੇ ਨੂੰ ਮੇਰੀ ਸਹਾਇਤਾ ਜਾਂ ਹਿਫਾਜ਼ਤ ਦੀ ਲੋੜ ਹੈ?
- ✓ ਆਪਣੇ ਬੱਚੇ ਦੀ ਸੁਰੱਖਿਅਤ ਰਹਿਣ ਵਿਚ ਮੈਂ ਕਿਵੇਂ ਮਦਦ ਕਰ ਸਕਦਾ/ ਸਕਦੀ ਹਾਂ?
- ✓ ਮੈਨੂੰ ਕਿਹੜੀ ਜਾਣਕਾਰੀ ਚਾਹੀਦੀ ਹੈ?
- ✓ ਮੈਂ ਸਹਾਇਤਾ ਲਈ ਕਿੱਥੇ ਜਾ ਸਕਦਾ/ਸਕਦੀ ਹਾਂ?

## ਫੈਸਲਾ ਕਰੋ ਕਿ ਤੁਸੀਂ ਕਿਵੇਂ ਮਦਦ ਕਰ ਸਕਦੇ ਹੋ

> ***ਜੇ ਕੁਝ ਨਾ ਕੀਤਾ ਜਾਵੇ ਤਾਂ ਸਮੱਸਿਆ ਆਪਣੇ ਆਪ ਨਹੀਂ ਹਟੇਗੀ। ਇਸ ਦੇ ਵਧਣ ਦੀ ਸੰਭਾਵਨਾ ਹੈ।***

ਜਦੋਂ ਤੁਹਾਡੇ ਬੱਚੇ ਦੀ ਸਕੂਲ ਵਿਚ ਸੁਰੱਖਿਆ ਜਾਂ ਪੜ੍ਹਣ ਦੀ ਸਮਰਥਾ ਤੇ ਅਸਰ ਪੈਂਦਾ ਹੈ ਤਾਂ ਦਖਲਅੰਦਾਜ਼ੀ ਬਹੁਤ ਜ਼ਰੂਰੀ ਹੈ। ਇਹ ਵੀ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਦਖਲਅੰਦਾਜ਼ੀ *ਕਿਵੇਂ* ਕਰਦੇ ਹੋ। ਆਪਣੇ ਬੱਚੇ ਨਾਲ ਕਿਸੇ ਘਟਨਾ ਦੀ ਰਿਪੋਰਟ ਬਾਰੇ ਗੱਲ ਕਰਨ ਵੇਲੇ ਉਸ ਨੂੰ "ਚੁਗਲੀ" ਅਤੇ "ਰਿਪੋਰਟਿੰਗ" ਵਿਚਕਾਰਲਾ ਫਰਕ ਦੱਸੋ। ਚੁਗਲੀ ਜਾਂ ਮੁਖਬਰੀ ਨਾਂਹਪੱਖੀ ਲੇਬਲ ਹਨ ਜਿਹੜੇ ਕਿ ਬੱਚਿਆਂ ਨੂੰ ਰਿਪੋਰਟ ਕਰਨ ਤੋਂ ਰੋਕਣ ਲਈ ਤੰਗ ਕਰਨ ਵਾਲੇ ਵਲੋਂ ਵਰਤੇ ਜਾਂਦੇ ਹਨ। ਰਿਪੋਰਟ ਕਰਨ ਲਈ ਹੌਂਸਲਾ ਚਾਹੀਦਾ ਹੈ। ਰਿਪੋਰਟ, ਕਿਸੇ ਨੂੰ ਸੁਰੱਖਿਅਤ ਰੱਖਣ ਵਿਚ ਮਦਦ ਕਰਨ ਲਈ ਕੀਤੀ ਜਾਂਦੀ ਹੈ।

# ਸਕੂਲ ਨਾਲ ਰਲ ਕੇ ਕੰਮ ਕਰਨਾ

ਭਾਵੇਂ ਤੁਹਾਡੇ ਬੱਚੇ ਨੂੰ ਤੰਗ ਕੀਤਾ ਗਿਆ ਹੈ, ਉਸ ਨੇ ਅਜਿਹਾ ਹੁੰਦੇ ਦੇਖਿਆ ਹੈ, ਜਾਂ ਉਹ ਤੰਗ ਕਰਨ ਵਾਲਾ ਹੈ, ਸਮੱਸਿਆ ਦਾ ਹੱਲ ਕਰਨ ਲਈ ਇਕ ਮੁਢਲੀ ਪਹੁੰਚ ਮੌਜੂਦ ਹੈ। ਸੱਭ ਤੋਂ ਪਹਿਲਾਂ ਤਾਂ ਸਕੂਲ ਦੇ ਢੁਕਵੇਂ ਸਟਾਫ ਨਾਲ ਸੰਪਰਕ ਕਰੋ ਅਤੇ ਉਸ ਨੂੰ ਹਾਲਤ ਬਾਰੇ ਦੱਸੋ। ਬਹੁਤੇ ਕੇਸਾਂ ਵਿਚ:

*ਸਕੂਲ ਦਾ ਪ੍ਰਿੰਸੀਪਲ ਸਕੂਲ ਦਾ ਪ੍ਰਬੰਧ ਚਲਾਉਣ ਅਤੇ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੈ ਜਿਸ ਵਿਚ ਵਿਦਿਆਰਥੀਆਂ ਦਾ ਆਮ ਵਤੀਰਾ ਵੀ ਸ਼ਾਮਲ ਹੈ।*
*ਸਕੂਲ ਐਕਟ ਰੈਗੂਲੇਸ਼ਨ 265/89*

ਜੇ ਸਮੱਸਿਆ ਅਧਿਆਪਕ ਦੀ ਨਿਗਰਾਨੀ ਹੇਠਲੇ ਏਰੀਏ ਵਿਚ ਵਾਪਰੀ ਹੈ ਜਿਵੇਂ ਕਿ ਕਲਾਸਰੂਮ ਵਿਚ ਜਾਂ ਜਿਮ ਦੇ ਚੈਂਜਰੂਮ ਵਿਚ ਤਾਂ *ਅਧਿਆਪਕ ਤੱਕ ਪਹੁੰਚ ਕਰੋ।*

ਜੇ ਸਮੱਸਿਆ ਘੱਟ ਨਿਗਰਾਨੀ ਵਾਲੇ ਏਰੀਏ ਵਿਚ ਆਈ ਹੈ ਜਿਵੇਂ, ਹਾਲਵੇਅ ਵਿਚ, ਲੌਕਰਾਂ ਕੋਲ, ਬੱਸ ਸਟਾਪ ਤੇ, ਸਕੂਲ ਦੀਆਂ ਪੜ੍ਹਾਈ ਤੋਂ ਬਿਨਾਂ ਹੋਰ ਸਰਗਰਮੀਆਂ ਦੌਰਾਨ, ਸਕੂਲ ਨੂੰ ਜਾਣ ਜਾਂ ਸਕੂਲ ਤੋਂ ਆਉਣ ਵੇਲੇ ਜਾਂ ਜੇ ਸਮੱਸਿਆ ਕਲਾਸਰੂਮ ਵਿਚ ਜਾਰੀ ਰਹਿੰਦੀ ਹੈ ਤਾਂ *ਪ੍ਰਿੰਸੀਪਲ ਤੱਕ ਪਹੁੰਚ ਕਰੋ।*

*ਸਕੂਲ ਸਿਸਟਮ ਤੱਕ ਪਹੁੰਚ ਕਰਨਾ ਡਰਾਉਣ ਵਾਲਾ ਹੋ ਸਕਦਾ ਹੈ। ਜੇ ਤੁਸੀਂ ਕਿਸੇ ਵੇਲੇ ਵੀ ਢੁਕਵੇਂ ਸਟਾਫ ਮੈਂਬਰ ਕੋਲ ਪਹੁੰਚ ਕਰਨ ਲਈ ਆਰਾਮਦੇਹ ਮਹਿਸੂਸ ਨਹੀਂ ਕਰਦੇ ਤਾਂ ਉਸਦੇ ਸੁਪਰਵਾਈਜ਼ਰ ਕੋਲ ਜਾਉ।*

ਜੇ ਸਮੱਸਿਆ ਦਾ ਹੱਲ ਨਹੀਂ ਹੁੰਦਾ ਤਾਂ ਆਪਣੇ ਸਕੂਲ ਜਿਲ੍ਹੇ ਦੇ *ਅਗਲੀ ਪੱਧਰ ਦੇ ਅਧਿਕਾਰੀ ਤੱਕ ਪਹੁੰਚ ਕਰੋ।* ਇਹ ਡਿਸਟਰਿਕਟ ਪ੍ਰਿੰਸੀਪਲ, ਅਸਿਸਟੈਂਟ ਸੁਪਰਇਨਟੈਨਡੈਂਟ, ਜਾਂ ਡਿਸਟਰਿਕਟ ਸੁਪਰਇਨਟੈਨਡੈਂਟ ਆਫ ਸਕੂਲਜ਼ ਹੋ ਸਕਦਾ ਹੈ।

ਤੁਸੀਂ ਅਤੇ ਤੁਹਾਡਾ ਬੱਚਾ:

- ✓ ਇਹ ਪੁੱਛ ਸਕਦੇ ਹੋ ਕਿ ਤੁਹਾਡੀ ਸ਼ਿਕਾਇਤ (ਸ਼ਿਕਾਇਤਾਂ) ਦੀ ਜਾਂਚ ਕਿਵੇਂ ਅਤੇ ਕਦੋਂ ਕੀਤੀ ਜਾਵੇਗੀ
- ✓ ਇਹ ਪੁੱਛ ਸਕਦੇ ਹੋ ਕਿ ਤੁਹਾਡੀ ਸ਼ਿਕਾਇਤ ਲੈਣ ਵਾਲਾ ਵਿਅਕਤੀ ਤੁਹਾਡੇ ਨਾਲ ਮੁੜ ਕੇ ਕਦੋਂ ਸੰਪਰਕ ਕਰੇਗਾ ਅਤੇ ਤੁਹਾਨੂੰ ਕਿਹੜੀ ਜਾਣਕਾਰੀ ਮਿਲੇਗੀ

*ਵਿਸਥਾਰ ਸਹਿਤ ਨੋਟ ਲਿਖਣਾ ਯਾਦ ਰੱਖੋ। ਸਫਾ 10 ਤੇ ਦਿੱਤੀ ਗਈ ਪਾੜਣ ਯੋਗ ਸ਼ੀਟ ਵਰਤੋ।*

- ✓ ਇਹ ਪੁੱਛ ਸਕਦੇ ਹੋ ਕਿ ਹੁਣ ਕਿਉਂਕਿ ਸਕੂਲ ਸਮੱਸਿਆ ਤੋਂ ਜਾਣੂ ਹੋ ਚੁੱਕਾ ਹੈ, ਸਮੱਸਿਆ ਦੀ ਜਾਂਚ ਕਰਨ ਦੌਰਾਨ ਸਕੂਲ ਹਾਲਤ ਤੇ ਨਿਗਰਾਨੀ ਕਿਵੇਂ ਰੱਖੇਗਾ, ਜਿਵੇਂ ਤੰਗ ਕਰਨ ਵਾਲੇ ਸ਼ੱਕੀ ਵਿਦਿਆਰਥੀ ਦੀ ਨਿਗਰਾਨੀ ਕਰਨਾ
- ✓ ਤੁਹਾਡੇ ਬੱਚੇ ਦੀ ਹਾਲਤ ਸੁਧਾਰਨ ਲਈ ਤੁਰਤ ਅਤੇ ਅਸਰਦਾਰ ਕਾਰਵਾਈ ਕੀਤੇ ਜਾਣ ਤੇ ਜ਼ੋਰ ਦੇ ਸਕਦੇ ਹੋ
- ✓ ਇਹ ਮੰਗ ਕਰ ਸਕਦੇ ਹੋ ਕਿ ਤੁਹਾਡੇ ਬੱਚੇ ਨੂੰ ਸੁਰੱਖਿਅਤ ਰੱਖਣ ਲਈ ਇਕ ਵਿਉਂਤ ਤਿਆਰ ਕੀਤੀ ਜਾਵੇ

*ਆਪਣੇ ਬੱਚੇ ਦੀ ਹਿਮਾਇਤ ਕਰਨ ਵੇਲੇ, ਤੁਸੀਂ ਇਹ ਜਾਣਨਾ ਚਾਹੋਗੇ ਕਿ ਜ਼ਿੰਮੇਵਾਰੀ ਵਾਲੇ ਅਹੁਦਿਆਂ ਤੇ ਬੈਠੇ ਲੋਕ ਕਦੋਂ ਕਦਮ ਚੁੱਕਣਗੇ। ਜੇ ਤੁਹਾਨੂੰ ਸਹਾਇਤਾ ਦੀ ਲੋੜ ਹੋਵੇ ਤਾਂ ਐਡਵੋਕੇਸੀ ਪ੍ਰੋਜੈਕਟ ਲਾਈਨ ਨੂੰ 1-888-351-9834 ਤੇ ਮੁਫਤ ਫੋਨ ਕਰੋ।*

- ✓ ਬਦਲੇ ਦੀ ਭਾਵਨਾ ਰੋਕਣ ਲਈ ਤੁਹਾਡੇ ਬੱਚੇ ਦੀ ਪਛਾਣ ਅਤੇ ਨਿੱਜੀ ਜਾਣਕਾਰੀ ਗੁਪਤ ਰੱਖਣ ਦੀ ਲੋੜ ਤੇ ਜ਼ੋਰ ਦੇ ਸਕਦੇ ਹੋ
- ✓ ਜੇ ਤੁਹਾਡੇ ਬੱਚੇ ਨੂੰ ਜਜ਼ਬਾਤੀ/ਮਨੋਵਿਗਿਆਨਕ ਮਦਦ ਦੀ ਲੋੜ ਹੋਵੇ ਤਾਂ ਸਕੂਲ/ਡਿਸਟਰਿਕਟ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਦਾ ਸਕੂਲ ਦੇ ਢੁਕਵੇਂ ਸਟਾਫ ਤੋਂ ਪਤਾ ਲਾ ਸਕਦੇ ਹੋ
- ✓ ਆਪਣੇ ਬੱਚੇ ਦੀ ਸੁਰੱਖਿਆ ਲਈ ਕਈ ਤਰੀਕਿਆਂ ਬਾਰੇ ਵਿਚਾਰ ਕਰ ਸਕਦੇ ਹੋ।

*ਆਪਣੀ ਅਤੇ ਆਪਣੇ ਬੱਚੇ ਦੀ ਮਦਦ ਲਈ ਤੁਸੀਂ ਆਪਣੀ ਕਮਿਉਨਟੀ ਵਿਚ ਮਦਦ ਕਰਨ ਵਾਲੇ ਗਰੁੱਪਾਂ ਜਾਂ ਸੇਵਾਵਾਂ ਦਾ ਵੀ ਪਤਾ ਲਾ ਸਕਦੇ ਹੋ। ਕੁਝ ਸੁਝਾਵਾਂ ਲਈ ਇਸ ਗਾਈਡ ਦਾ ਵਸੀਲਾ ਭਾਗ ਦੇਖੋ।*

*ਬੀ ਸੀ ਟੀਚਰਜ਼ ਫਡਰੇਸ਼ਨ ਕੋਡ ਆਫ ਐਥਿਕਸ ਕਹਿੰਦਾ ਹੈ:*
**"ਮੈਂ। ਅਧਿਆਪਕ, ਵਿਦਿਆਰਥੀਆਂ ਨਾਲ ਆਦਰ ਅਤੇ ਮਾਣ ਨਾਲ ਬੋਲਦਾ ਅਤੇ ਵਰਤਾਉ ਕਰਦਾ ਹਾਂ ਅਤੇ ਉਨ੍ਹਾਂ ਨਾਲ ਨਿਆਂਪੂਰਬਕ ਵਰਤਦਾ ਹਾਂ, ਸਦਾ ਉਨ੍ਹਾਂ ਦੇ ਨਿੱਜੀ ਹੱਕਾਂ ਅਤੇ ਸੰਵੇਦਨਸ਼ੀਲਤਾ ਦਾ ਖਿਆਲ ਰੱਖਦਾ ਹਾਂ।" ਕੋਡ ਪੇਸ਼ਾਵਰ ਅਤੇ ਸਦਾਚਾਰਕ ਵਤੀਰੇ ਲਈ ਇਕ ਨਮੂਨਾ ਹੈ।**

*ਜਦੋਂ ਤੁਹਾਨੂੰ ਕਿਸੇ ਬਾਲਗ ਦੇ ਵਤੀਰੇ ਦਾ ਹੱਲ ਲੱਭਣ ਦੀ ਲੋੜ ਹੁੰਦੀ ਹੈ ਤਾਂ ਤੁਹਾਨੂੰ ਆਪਣੇ ਜ਼ਿਲ੍ਹੇ ਵਿਚ ਸ਼ਿਕਾਇਤ ਕਰਨ ਦੀ ਕਾਰਵਾਈ ਦੀ ਪਾਲਣਾ ਕਰਨ ਦੀ ਲੋੜ ਹੈ। ਕਿਸੇ ਬੱਚੇ ਨਾਲ ਬੁਰੇ ਵਰਤਾਉ ਦੇ ਸ਼ੱਕੀ ਕੇਸ ਵਿਚ, ਕਾਨੂੰਨ ਅਧੀਨ ਤੁਹਾਡਾ ਇਹ ਫਰਜ਼ ਹੈ ਕਿ ਤੁਸੀਂ ਇਸ ਮਾਮਲੇ ਦੀ ਰਿਪੋਰਟ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਕੋਲ ਕਰੋ (ਇਸ ਗਾਈਡ ਦਾ ਸਫਾ 18 ਦੇਖੋ)।*

**"ਸਕੂਲ ਨੂੰ ਕਿਸੇ ਵਿਦਿਆਰਥੀ ਨਾਲ ਬਦਸਲੂਕੀ ਦੀ ਰਿਪੋਰਟ ਪੁਲੀਸ ਕੋਲ ਕਦੋਂ ਕਰਨੀ ਚਾਹੀਦੀ ਹੈ?**
**...ਵਿਦਿਆਰਥੀਆਂ ਦੀ ਹਿਫਾਜ਼ਤ ਕਰਨਾ ਸਕੂਲ ਅਧਿਕਾਰੀਆਂ ਦਾ ਫਰਜ਼ ਹੈ। ਇਸ ਵਿਚ ਪੁਲੀਸ ਨੂੰ ਉਨ੍ਹਾਂ ਹਾਲਤਾਂ ਵਿਚ ਸ਼ਾਮਲ ਕਰਨ ਦਾ ਫਰਜ਼ ਵੀ ਸ਼ਾਮਲ ਹੋ ਸਕਦਾ ਹੈ ਜਦੋਂ ਕਿਸੇ ਵਿਦਿਆਰਥੀ ਦੀ ਸੁਰੱਖਿਆ ਨੂੰ ਖਤਰਾ ਹੁੰਦਾ ਹੈ...**
**ਪੁਲੀਸ ਦੀ ਸ਼ਮੂਲੀਅਤ ਇਸ ਚੀਜ਼ ਤੇ ਜ਼ੋਰ ਦੇ ਸਕਦੀ ਹੈ ਕਿ ਸਕੂਲ ਵਿਚ ਮੁਜਰਮਾਨਾ ਬਦਸਲੂਕੀ ਇਕ ਗੰਭੀਰ ਮਸਲਾ ਹੈ ਅਤੇ ਇਹ ਸਾਰੀ ਕਮਿਊਨਟੀ ਲਈ ਫਿਕਰ ਵਾਲੀ ਗੱਲ ਹੈ।"**
*ਸਕੂਲਾਂ ਨੂੰ ਸੁਰੱਖਿਅਤ ਰੱਖਣਾ:ਪ੍ਰਿੰਸੀਪਲਾਂ ਅਤੇ ਵਾਈਸ-ਪ੍ਰਿੰਸੀਪਲਾਂ ਲਈ ਇਕ ਪ੍ਰੈਕਟੀਕਲ ਗਾਈਡ ਸਫਾ 144*

## ਸਹੀ ਕਾਰਵਾਈ ਕਰੋ

ਉਨ੍ਹਾਂ ਨੀਤੀਆਂ ਅਤੇ ਕਾਰਜ-ਪ੍ਰਣਾਲੀਆਂ ਨੂੰ ਜਾਣਨ ਨਾਲ, ਜਿਹੜੀਆਂ ਤੁਹਾਡੇ ਸਕੂਲ ਜ਼ਿਲ੍ਹੇ ਦੇ ਕਾਰਜਾਂ ਅਤੇ ਫੈਸਲਿਆਂ ਨੂੰ ਸੇਧ ਦਿੰਦੀਆਂ ਹਨ, ਇਹ ਸਮਝਣ ਵਿਚ ਮਦਦ ਮਿਲਦੀ ਹੈ ਕਿ ਤੁਹਾਡੇ ਬੱਚੇ ਦੀਆਂ ਹਾਲਤਾਂ ਲਈ ਕਿਹੜੀ ਚੀਜ਼ ਢੁਕਵੀਂ ਹੈ।

ਤੰਗ ਕਰਨ ਅਤੇ ਡਰਾਉਣ-ਧਮਕਾਉਣ ਨਾਲ ਸਿੱਝਣ ਲਈ ਹਰ ਸਕੂਲ ਜ਼ਿਲ੍ਹੇ ਕੋਲ ਨੀਤੀਆਂ ਅਤੇ ਕਾਰਜ-ਪ੍ਰਣਾਲੀਆਂ ਹੋਣੀਆਂ ਚਾਹੀਦੀਆਂ ਹਨ। ਉਹ ਅਕਸਰ ਬਹੁ-ਸਭਿਆਚਾਰ, ਵਿਤਕਰੇ-ਵਿਰੋਧੀ, ਹਿੰਸਾ-ਵਿਰੋਧੀ ਨੀਤੀਆਂ, ਅਤੇ/ਜਾਂ ਸਕੂਲ ਦੀ ਆਚਰਣ ਸਬੰਧੀ ਨੇਮਾਵਲੀ ਨਾਲ ਜੁੜੀਆਂ ਹੁੰਦੀਆਂ ਹਨ।

ਇਹ ਨੀਤੀਆਂ ਇਕ ਸਕੂਲ ਕਮਿਊਨਟੀ ਦਾ ਢਾਂਚਾ ਪ੍ਰਦਾਨ ਕਰਦੀਆਂ ਹਨ ਜਿਹੜੀਆਂ:

- ਸਾਰੇ ਲੋਕਾਂ ਦੇ ਮਾਣ, ਆਦਰ ਅਤੇ ਉਨ੍ਹਾਂ ਬਾਰੇ ਸਮਝ ਦਾ ਵਿਖਾਵਾ ਕਰਦੀਆਂ ਹਨ
- ਤੰਗ ਕਰਨ, ਡਰਾਉਣ-ਧਮਕਾਉਣ ਜਾਂ ਵਿਤਕਰੇ ਨੂੰ ਸਹਿਣ ਨਹੀਂ ਕਰਦੀਆਂ
- ਉਸ ਭਿੰਨਤਾ ਦੀ ਕਦਰ ਕਰਦੀਆਂ ਹਨ ਜਿਹੜੀ ਕਮਿਊਨਟੀ ਵਿਚ ਹੁੰਦੀ ਹੈ।

ਆਪਣੇ ਜ਼ਿਲ੍ਹੇ ਵਿਚਲੀਆਂ ਸਕੂਲਾਂ ਦੀਆਂ ਸੁਰੱਖਿਅਤ ਨੀਤੀਆਂ ਦੀਆਂ ਕਾਪੀਆਂ ਮੰਗੋ। ਆਪਣੇ ਬੱਚੇ ਦੀ ਮਦਦ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਵਿਚ ਇਨ੍ਹਾਂ ਦੀ ਵਰਤੋਂ ਕਰੋ।

## ਸਕੂਲ ਦੇ ਬਾਹਰੋਂ ਸਹਾਇਤਾ ਇਕੱਠੀ ਕਰੋ

ਸਕੂਲ ਦੀ ਇਹ ਮੁਢਲੀ ਜ਼ਿੰਮੇਵਾਰੀ ਹੈ ਕਿ ਉਹ ਤੁਹਾਡੇ ਬੱਚੇ ਦੇ ਸਕੂਲ ਦੇ ਮਾਹੌਲ ਵਿਚ ਸੁਰੱਖਿਆ ਦੇ ਫਿਕਰਾਂ ਦਾ ਹੱਲ ਕਰੇ। ਸਕੂਲ ਨੇ ਬਾਹਰਲੀਆਂ ਏਜੰਸੀਆਂ ਨੂੰ ਕਦੋਂ ਅਤੇ ਕਿਵੇਂ ਸ਼ਾਮਲ ਕਰਨਾ ਹੈ, ਇਹ ਇਸ ਚੀਜ਼ ਤੇ ਨਿਰਭਰ ਕਰਦਾ ਹੈ ਕਿ ਸਕੂਲ ਕਿਸੇ ਘਟਨਾ ਦੀ ਗੰਭੀਰਤਾ ਨੂੰ ਕਿਵੇਂ ਦੇਖਦਾ ਹੈ। ਇਹ ਇਸ ਚੀਜ਼ ਤੇ ਵੀ ਨਿਰਭਰ ਕਰਦਾ ਹੈ ਕਿ ਤੁਹਾਡੇ ਸਕੂਲ/ਜ਼ਿਲ੍ਹੇ ਦੇ ਬਾਹਰੀ ਏਜੰਸੀਆਂ ਨਾਲ ਸਬੰਧ ਕਿਹੋ ਜਿਹੇ ਹਨ ਅਤੇ ਰਸਮੀ ਲਿਖਤਾਂ ਕਿਹੋ ਜਿਹੀਆਂ ਹਨ। ਜਵਾਨਾਂ ਵਿਚ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦੀਆਂ ਘਟਨਾਵਾਂ ਦੀ ਰੋਕਥਾਮ ਕਰਨ ਲਈ, ਪੁਲੀਸ ਬੀ ਸੀ ਦੇ ਬਹੁਤ ਸਾਰੇ ਇਲਾਕਿਆਂ ਵਿਚ ਸਕੂਲਾਂ ਅਤੇ ਜਵਾਨਾਂ ਨੂੰ ਸੇਵਾਵਾਂ ਦੇਣ ਵਾਲੀਆਂ ਏਜੰਸੀਆਂ ਨਾਲ ਰਲ ਕੇ ਕੰਮ ਕਰ ਰਹੀ ਹੈ।

*ਜੇ ਕਿਸੇ ਵੀ ਵੇਲੇ* ਤੁਹਾਨੂੰ ਇਹ ਲੱਗੇ ਕਿ ਤੁਹਾਡਾ ਬੱਚਾ ਖਤਰੇ ਵਿਚ ਹੈ ਤਾਂ ਆਪਣੀ ਲੋਕਲ ਪੁਲੀਸ ਨੂੰ ਸਿੱਧੀ ਰਿਪੋਰਟ ਕਰੋ। ਇਸ ਚੀਜ਼ ਦਾ ਲਿਖਤੀ ਰਿਕਾਰਡ ਹੋਣਾ ਚੰਗੀ ਗੱਲ ਹੈ ਕਿ ਕੀ ਵਾਪਰਿਆ ਹੈ ਅਤੇ ਸਮੱਸਿਆ ਦਾ ਹੱਲ ਕਰਨ ਲਈ ਤੁਸੀਂ ਕੀ ਕੀਤਾ ਹੈ।

# ਜਦੋਂ ਤੁਹਾਡਾ ਬੱਚਾ ਸ਼ਿਕਾਰ ਹੁੰਦਾ ਹੈ

ਵਿਸ਼ਵਾਸ਼ ਵਧਾਉਣ ਲਈ ਅਤੇ ਸਮੱਸਿਆ ਨਾਲ ਨਿਬੜਣ ਦੇ ਤਰੀਕੇ ਲੱਭਣ ਲਈ ਆਪਣੇ ਬੱਚੇ ਨਾਲ ਰਲ ਕੇ ਕੰਮ ਕਰੋ। ਜਦ ਤੱਕ ਤੁਹਾਨੂੰ ਇਹ ਪਤਾ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਤੰਗ ਕੀਤਾ ਜਾ ਰਿਹਾ ਹੈ, ਉਦੋਂ ਤੱਕ ਇਹ ਸੰਭਾਵਨਾ ਹੈ ਕਿ ਉਸ ਨੇ ਸਮੱਸਿਆ ਦਾ ਹੱਲ ਕਰਨ ਲਈ ਕਈ ਤਰੀਕੇ ਵਰਤ ਕੇ ਦੇਖ ਲਏ ਹੋਣਗੇ। ਤੰਗ ਕਰਨ ਵਾਲੇ ਦੇ ਵਿਰੁੱਧ ਖੜ੍ਹਣ ਨਾਲ ਸਮੱਸਿਆ ਹੋਰ ਵੀ ਵਿਗੜ ਸਕਦੀ ਹੈ।

ਇਸ ਬਾਰੇ ਆਪਣੇ ਬੱਚੇ ਨਾਲ ਗੱਲ ਕਰੋ ਕਿ ਘਟਨਾ ਦੀ ਰਿਪੋਰਟ ਕਿਵੇਂ ਕੀਤੀ ਜਾ ਸਕਦੀ ਹੈ।

ਜਦੋਂ ਤੁਹਾਡੇ ਬੱਚੇ ਨੂੰ ਕੋਈ ਤੰਗ ਕਰਦਾ ਹੈ ਤਾਂ ਤੁਸੀਂ ਇਹ ਮੰਗ ਕਰ ਸਕਦੇ ਹੋ ਕਿ:

- ✓ ਤੁਹਾਡੇ ਬੱਚੇ ਨੂੰ ਉਹ ਵਿਅਕਤੀ ਮਿਲੇ ਜਿਸ ਕੋਲ ਸ਼ਿਕਾਇਤ ਦੀ ਪੜਤਾਲ ਕਰਨ ਦਾ ਹੱਕ ਅਤੇ ਟਰੇਨਿੰਗ ਹੈ
- ✓ ਤੁਹਾਡਾ ਬੱਚਾ ਸਾਰੀਆਂ ਇੰਟਰਵਿਊਆਂ ਵਿਚ ਆਪਣੀ ਮਰਜ਼ੀ ਦੇ ਕਿਸੇ ਵਿਅਕਤੀ ਨੂੰ ਲਿਜਾ ਸਕੇ
- ✓ ਤੁਹਾਡੇ ਬੱਚੇ ਨੂੰ ਇਹ ਦੱਸਿਆ ਜਾਵੇ ਕਿ ਪੜਤਾਲ ਨੂੰ ਗੁਪਤ ਕਿਵੇਂ ਰੱਖਿਆ ਜਾਵੇਗਾ
- ✓ ਇਹ ਵਚਨ ਦਿੱਤਾ ਜਾਵੇ ਕਿ ਸ਼ਿਕਾਇਤ ਕਰਨ ਕਰਕੇ ਬਦਲੇ ਦੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਹ ਦੱਸਿਆ ਜਾਵੇ ਕਿ ਜੇ ਕੋਈ ਬਦਲੇ ਦੀ ਕਾਰਵਾਈ ਕਰੇ ਤਾਂ ਉਸ ਨਾਲ ਸਕੂਲ ਕਿਵੇਂ ਸਿੱਝੇਗਾ
- ✓ ਜੇ ਤੁਹਾਡੇ ਬੱਚੇ ਦੀ ਪੜਤਾਲ ਕਰਨ ਵਾਲੇ ਵਲੋਂ ਇੰਟਰਵਿਊ ਕੀਤੀ ਗਈ ਹੈ ਤਾਂ ਉਸ ਨੂੰ ਇੰਟਰਵਿਊ ਦੀ ਰਿਕਾਰਡਿੰਗ ਜਾਂ ਲਿਖਤੀ ਬਿਆਨ ਦੀ ਕਾਪੀ ਦਿੱਤੀ ਜਾਵੇ
- ✓ ਤੁਹਾਡੇ ਬੱਚੇ ਨੂੰ ਸਪਸ਼ਟ ਤੌਰ ਤੇ ਦੱਸਿਆ ਜਾਵੇ ਕਿ ਸਕੂਲ ਅਗਾਂਹ ਤੰਗ ਕਰਨ ਦੀਆਂ ਘਟਨਾਵਾਂ ਨੂੰ ਕਿਵੇਂ ਰੋਕੇਗਾ
- ✓ ਜੇ ਸਕੂਲ ਬਦਲੀ ਜ਼ਰੂਰੀ ਹੋਵੇ ਤਾਂ ਤੁਹਾਡਾ ਬੱਚਾ ਸਕੂਲ ਵਿਚ ਰਹੇ ਅਤੇ ਤੰਗ ਕਰਨ ਵਾਲੇ ਨੂੰ ਹੋਰ ਸਕੂਲ ਵਿਚ ਭੇਜਿਆ ਜਾਵੇ
- ✓ ਜੇ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦਾ ਡਰ ਤੁਹਾਡੇ ਬੱਚੇ ਨੂੰ ਸਕੂਲ ਜਾਣ ਤੋਂ ਰੋਕ ਰਿਹਾ ਹੈ ਤਾਂ ਉਸ ਨੂੰ ਕਿਸੇ ਹੋਰ ਥਾਂ ਤੇ ਪੜ੍ਹਾਈ ਕਰਵਾਈ ਜਾਵੇ ਜਾਂ ਰੀਇੰਟਰੀ ਪਲੈਨ ਦਿੱਤੀ ਜਾਵੇ
- ✓ ਤੰਗ ਕਰਨ ਦੇ ਅਸਰਾਂ ਨਾਲ ਸਿੱਝਣ ਲਈ ਤੁਹਾਡੇ ਬੱਚੇ ਨੂੰ ਢੁਕਵਾਂ ਸਲਾਹ-ਮਸ਼ਵਰਾ (ਕੌਂਸਲਿੰਗ) ਦਿੱਤਾ ਜਾਵੇ
- ✓ ਜੇ ਸਕੂਲ ਨੇ ਉਸ ਨੂੰ ਕਿਸੇ ਬਾਹਰੀ ਏਜੰਸੀ (ਜਿਵੇਂ ਪੁਲੀਸ, ਮੈਂਟਲ ਹੈਲਥ) ਕੋਲ ਭੇਜਣਾ ਹੈ ਤਾਂ ਇਸ ਬਾਰੇ ਦੱਸਿਆ ਜਾਵੇ ਅਤੇ ਇਹ ਵੀ ਦੱਸਿਆ ਜਾਵੇ ਕਿ ਕਿਹੜੇ ਕਾਰਨਾਂ ਕਰਕੇ ਭੇਜਣਾ ਹੈ।

**ਆਮ ਤੌਰ ਤੇ ਇਹ ਸਿਫਾਰਸ਼ ਨਹੀਂ ਕੀਤੀ ਜਾਂਦੀ ਕਿ ਤੁਸੀਂ ਤੰਗ ਕਰਨ ਵਾਲੇ ਨਾਲ ਜਾਂ ਤੰਗ ਕਰਨ ਵਾਲੇ ਦੇ ਮਾਪੇ ਨਾਲ ਸੰਪਰਕ ਕਰੋ।**

***ਹੈਲਪਿੰਗ ਆਵਰ ਕਿਡਜ਼ ਲਿਵ ਵਾਇਲੈਂਸ ਫਰੀ,* ਮਨਿਸਟਰੀ ਆਫ ਐਜੂਕੇਸ਼ਨ, ਸਫਾ** 16

***ਕਾਰਵਾਈ ਅਤੇ ਸੁਰੱਖਿਆ ਦੀ ਇਕ ਉਦਾਹਰਣ ਵਜੋਂ, ਅਧਿਆਪਕਾਂ ਦੇ ਕੰਮ ਦੇ ਮਾਹੌਲ ਨੂੰ ਇਸ ਤਰ੍ਹਾਂ ਸੁਰੱਖਿਅਤ ਰੱਖਿਆ ਜਾਂਦਾ ਹੈ:***

***ਆਰਟੀਕਲ ਈ.2,ਪੀ ਸੀ ਏ:***

***"ਇਮਪਲੌਏਅਰ ਸ਼ਿਕਾਇਤ ਦੀ ਪੜਤਾਲ ਕਰੇਗਾ। ਪੜਤਾਲ ਉਸ ਵਿਅਕਤੀ ਵਲੋਂ ਕੀਤੀ ਜਾਵੇਗੀ ਜਿਸ ਕੋਲ ਸ਼ਿਕਾਇਤਾਂ ਜਾਂ ਪਰੇਸ਼ਾਨ ਕਰਨ ਦੀਆਂ ਕਾਰਵਾਈਆਂ ਦੀ ਪੜਤਾਲ ਕਰਨ ਦੀ ਟਰੇਨਿੰਗ ਅਤੇ/ਜਾਂ ਤਜਰਬਾ ਹੋਵੇਗਾ। ਸ਼ਿਕਾਇਤ ਕਰਨ ਵਾਲਾ ਇਹ ਮੰਗ ਕਰ ਸਕਦਾ ਹੈ ਕਿ ਪੜਤਾਲ ਕਰਨ ਵਾਲਾ ਵਿਅਕਤੀ ਸ਼ਿਕਾਇਤ ਕਰਨ ਵਾਲੇ ਵਿਅਕਤੀ ਦੇ ਲਿੰਗ (ਜ਼ੈਂਡਰ) ਦਾ ਹੀ ਹੋਵੇ ਅਤੇ ਜਿੱਥੇ ਅਜਿਹਾ ਹੋ ਸਕਦਾ ਹੋਵੇ ਉੱਥੇ ਉਸ ਦੀ ਬੇਨਤੀ ਨੂੰ ਨਾਂਹ ਨਹੀਂ ਕੀਤੀ ਜਾਵੇਗੀ।***

***ਉਪਾਉ:***

***ਡੀ. ਜੇ ਪਰੇਸ਼ਾਨ ਕਰਨ ਦੀ ਕਾਰਵਾਈ ਨਾਲ ਕਿਸੇ ਇਮਪਲੌਈ (ਮੁਲਾਜ਼ਮ) ਦੀ ਬਦਲੀ ਹੋਣੀ ਹੈ ਤਾਂ ਇਹ ਉਸ ਵਿਅਕਤੀ ਦੀ ਹੀ ਹੋਵੇਗੀ ਜਿਹੜਾ ਪਰੇਸ਼ਾਨ ਕਰ ਰਿਹਾ ਹੈ, ਪਰ ਇਹ ਉੱਥੇ ਲਾਗੂ ਨਹੀਂ ਹੋਵੇਗਾ ਜਿੱਥੇ ਸ਼ਿਕਾਇਤ ਕਰਨ ਵਾਲਾ ਆਪਣੀ ਬਦਲੀ ਕੀਤੇ ਜਾਣ ਦੀ ਮੰਗ ਕਰਦਾ ਹੈ।"***

*ਯੂਥ ਅਗੇਨਸਟ ਵਾਇਲੈਂਸ ਲਾਈਨ, ਜਵਾਨਾਂ ਲਈ ਜਾਣਕਾਰੀ ਪ੍ਰਦਾਨ ਕਰਨ, ਜੁਰਮ ਰੋਕਣ ਜਾਂ ਸਹਾਇਤਾ ਮੰਗਣ ਦਾ ਇਕ ਸੁਰੱਖਿਅਤ ਅਤੇ ਗੁਪਤ ਤਰੀਕਾ ਹੈ। ਨੰਬਰ (ਬੀ ਸੀ ਵਿਚ) 1-800-680-4264 ਹੈ। ਯੂਥ ਅਗੇਨਸਟ ਵਾਇਲੈਂਸ ਲਾਈਨ ਇੰਟਰਨੈਟ ਤੇ ਸੁਰੱਖਿਅਤ ਈ-ਮੇਲ ਰਾਹੀਂ ਵੀ ਮੌਜੂਦ ਹੈ ਜਿਸ ਦਾ ਐਡਰੈਸ www.takingastand.com ਹੈ।*

"...ਅਸੀਂ ਇਹ ਜਾਣਦੇ ਹਾਂ ਕਿ ਸਾਥੀ ਆਪਣੇ ਸਮੇਂ ਦਾ ਇਕ ਵੱਡਾ ਹਿੱਸਾ ਹਲੀਮੀ ਨਾਲ ਧਿਆਨ ਦੇਣ ਤੇ ਲਾਉਂਦੇ ਹਨ... ਉਹ ਧੱਕੇਸ਼ਾਹੀ ਕਰਨ ਵਾਲੇ ਨੂੰ ਮਜ਼ਬੂਤ ਕਰ ਰਹੇ ਹੁੰਦੇ ਹਨ ਅਤੇ ਇਹ ਸੁਨੇਹਾ ਦੇ ਰਹੇ ਹੁੰਦੇ ਹਨ ਕਿ ਉਹ ਉਸਦੇ ਕੰਮਾਂ ਨੂੰ ਮਨਜ਼ੂਰੀ ਦਿੰਦੇ ਹਨ।"

ਪੌਲ ਓ, ਕੋਨੇਲ ਇਟ ਅਲ., "*ਪੀਅਰ ਇਨਵੌਲਵਮੈਂਟ ਇਨ ਬੁਲੀਇੰਗ; ਇਨਸਾਈਟਸ ਐਂਡ ਚੈਲੰਜਜ਼ ਫਾਰ ਇੰਟਰਵੈਨਸ਼ਨ।" ਜਰਨਲ ਆਫ ਅਡੌਲਸੈਂਸ,* 1999, 22: 437-452

## ਜਦੋਂ ਤੁਹਾਡਾ ਬੱਚਾ ਤਮਾਸ਼ਬੀਨ ਹੁੰਦਾ ਹੈ

ਸਾਫ ਸਾਫ ਕਹਿ ਦੇਣ ਦੇ ਹੁਨਰ ਅਤੇ ਹੌਂਸਲਾ ਪੈਦਾ ਕਰਨ ਲਈ ਆਪਣੇ ਬੱਚੇ ਨਾਲ ਕੰਮ ਕਰੋ। ਸੈਕੰਡਰੀ ਸਕੂਲਾਂ ਦੇ ਬਹੁਤੇ ਵਿਦਿਆਰਥੀ ਜਦੋਂ ਕਿਸੇ ਨੂੰ ਤੰਗ ਕੀਤਾ ਜਾਂਦਾ ਜਾਂ ਡਰਾਇਆ-ਧਮਕਾਇਆ ਜਾਂਦਾ ਦੇਖਦੇ ਹਨ ਤਾਂ ਉਹ ਇਸ ਵਿਚ ਦਖ਼ਲਅੰਦਾਜ਼ੀ ਕਰਨ ਤੋਂ ਝਿਜਕਦੇ ਹਨ। ਇਨ੍ਹਾਂ ਕਾਰਨਾਂ ਕਰਕੇ ਹੀ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਮਾਪੇ ਜਾਂ ਪਰਿਵਾਰ ਦਖ਼ਲ ਦੇਣ ਕਿਉਂ ਕਿ ਉਹ ਇਹ ਯਕੀਨ ਕਰ ਸਕਦੇ ਹਨ ਕਿ:

- ਤੰਗ ਕਰਨ ਵਾਲਾ ਉਨ੍ਹਾਂ ਵਿਰੁੱਧ ਹੋ ਜਾਵੇਗਾ
- ਉਹ ਸ਼ਿਕਾਰ ਹੋਏ ਵਿਅਕਤੀ ਲਈ ਹੋਰ ਵੀ ਔਖਿਆਈ ਪੈਦਾ ਕਰਨਗੇ
- ਹਾਲਤ ਹੋਰ ਮਾੜੀ ਹੋ ਜਾਵੇਗੀ ਅਤੇ ਉਹ ਮੁਸ਼ਕਲ ਵਿਚ ਪੈ ਜਾਣਗੇ
- ਦੂਜੇ ਵਿਦਿਆਰਥੀਆਂ ਜਾਂ ਸਟਾਫ ਵਲੋਂ ਕੋਈ ਮਦਦ ਨਹੀਂ ਮਿਲੇਗੀ।

ਤੰਗ ਕਰਨ ਦਾ ਅਸਰ ਹਰ ਇਕ ਤੇ ਹੁੰਦਾ ਹੈ। ਸਕੂਲ ਦੇ ਮਾਹੌਲ ਵਿਚ ਸੁਰੱਖਿਆ ਕਾਇਮ ਕਰਨਾ *ਹਰ ਇਕ* ਦਾ ਫਰਜ਼ ਹੈ। ਚੁੱਪ ਰਹਿਣ ਨਾਲ ਸਮੱਸਿਆ ਹੋਰ ਵਿਗੜ ਜਾਂਦੀ ਹੈ।

ਜਦੋਂ ਤੁਸੀਂ ਆਪਣੇ ਬੱਚੇ ਨੂੰ ਤੰਗ ਕਰਨ ਅਤੇ ਡਰਾਉਣ-ਧਮਕਾਉਣ ਵਿਰੁੱਧ ਬੋਲਣ ਲਈ ਉਤਸ਼ਾਹ ਦੇਵੋ ਤਾਂ ਇਹ ਗੱਲ ਯਕੀਨੀ ਬਣਾਉ ਕਿ ਤੁਹਾਡੇ ਬੱਚੇ ਨੂੰ ਉਹ ਰਖਵਾਲੀ ਮਿਲੇ ਜਿਹੜੀ ਡਰਾਉਣ-ਧਮਕਾਉਣ ਦਾ ਸ਼ਿਕਾਰ ਹੋਏ ਬੱਚੇ ਨੂੰ ਮਿਲਦੀ ਹੈ।

## ਜਦੋਂ ਤੁਹਾਡਾ ਬੱਚਾ ਤੰਗ ਕਰਦਾ ਹੈ

ਤੁਹਾਡੇ ਬੱਚੇ ਅਤੇ ਸਕੂਲ ਨੂੰ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦਾ ਚੰਗੀ ਤਰ੍ਹਾਂ ਹੱਲ ਕਰਨ ਲਈ, ਅਤੇ ਸਾਰੇ ਵਿਦਿਆਰਥੀਆਂ ਅਤੇ ਸਟਾਫ ਨੂੰ ਸੁਰੱਖਿਅਤ ਥਾਂ ਮੁਹਈਆ ਕਰਨ ਲਈ ਤੁਹਾਡੀ ਮਦਦ ਦੀ ਲੋੜ ਹੈ। ਤੁਸੀਂ ਸ਼ਾਂਤ ਰਹਿ ਕੇ ਅਤੇ ਉਨ੍ਹਾਂ ਕਾਰਨਾਂ ਦੀ ਪਛਾਣ ਕਰਕੇ ਅਤੇ ਉਨ੍ਹਾਂ ਦਾ ਹੱਲ ਕਰਕੇ ਸਕੂਲ ਦੀ ਮਦਦ ਕਰ ਸਕਦੇ ਹੋ ਜਿਹੜੇ ਤੁਹਾਡੇ ਬੱਚੇ ਨੂੰ ਦੂਜਿਆਂ ਨੂੰ ਤੰਗ ਕਰਨ ਲਈ ਉਕਸਾਉਂਦੇ ਹਨ। ਤੰਗੀ ਦਾ ਸ਼ਿਕਾਰ ਹੋਏ ਵਿਦਿਆਰਥੀ ਨਾਲ ਸਬੰਧ ਚੰਗੇਰੇ ਬਣਾਉਣ ਦੇ ਤਰੀਕੇ ਲੱਭਣ ਲਈ ਵੀ ਤੁਸੀਂ ਆਪਣੇ ਬੱਚੇ ਨਾਲ ਰਲ ਕੇ ਕੰਮ ਕਰ ਸਕਦੇ ਹੋ। ਯਾਦ ਰੱਖੋ ਕਿ ਤੁਹਾਡਾ ਬੱਚਾ ਨਾਮਨਜ਼ੂਰ ਨਹੀਂ ਹੈ; ਸਗੋਂ ਇਹ ਉਸ ਦਾ ਵਰਤਾਉ ਹੈ। ਆਪਣੇ ਬੱਚੇ ਦੀ ਇਸ ਵਿਚ ਮਦਦ ਕਰੋ ਕਿ ਕਿਸੇ ਵੀ ਪੜਤਾਲ ਜਾਂ ਅਨੁਸ਼ਾਸ਼ਨੀ ਕਾਰਵਾਈ ਦੌਰਾਨ ਉਸ ਨਾਲ ਵਾਜਬ ਵਰਤਾਉ ਹੋਵੇ।

ਜਿਹੜੇ ਵਿਦਿਆਰਥੀ ਦੂਜਿਆਂ ਨੂੰ ਤੰਗ ਕਰਦੇ ਜਾਂ ਡਰਾਉਂਦੇ-ਧਮਕਾਉਂਦੇ ਹਨ, ਉਹ ਸਕੂਲ ਜ਼ਿਲ੍ਹੇ ਵਿਚ ਦਿੱਤੇ ਜਾਂਦੇ ਪ੍ਰੋਗਰਾਮਾਂ ਤੋਂ ਫਾਇਦਾ ਉਠਾ ਸਕਦੇ ਹਨ। ਜਦੋਂ ਮਾਪੇ ਬੱਚਿਆਂ ਦੀ ਜ਼ਿੰਦਗੀ ਦੇ ਸੰਬੰਧਿਤ ਹੁਨਰ ਸਿੱਖਣ ਵਿਚ ਮਦਦ ਕਰਦੇ ਹਨ ਤਾਂ ਇਹ ਪ੍ਰੋਗਰਾਮ ਜ਼ਿਆਦਾ ਅਸਰਦਾਰ ਹੁੰਦੇ ਹਨ। ਇਨ੍ਹਾਂ ਕੁਝ ਪ੍ਰੋਗਰਾਮਾਂ ਵਿਚ ਇਹ ਸ਼ਾਮਲ ਹਨ:

- ਤੰਗ ਕਰਨ ਤੋਂ ਰੋਕਥਾਮ
- ਗੁੱਸੇ ਨੂੰ ਕੰਟਰੋਲ ਕਰਨਾ
- ਝਗੜਿਆਂ ਦਾ ਹੱਲ
- ਇਨਸਾਫ ਬਹਾਲ ਕਰਨਾ
- ਬਾਲਗ ਸਲਾਹ
- ਸਲਾਹ-ਮਸ਼ਵਰਾ(ਕੌਂਸਲਿੰਗ)
- ਛਨਿਚਰਵਾਰ ਨੂੰ ਸਕੂਲ

*ਇਨਸਾਫ ਨੂੰ ਬਹਾਲ ਕਰਨ ਦੇ ਪ੍ਰੋਗਰਾਮ*
"ਝਗੜਿਆਂ ਦਾ ਹੱਲ ਕਰ ਸਕਦੇ ਹਨ ਅਤੇ ਆਪਣੇ ਕਾਰਜਾਂ ਲਈ ਜਵਾਨਾਂ ਦੀ ਜ਼ਿੰਮੇਵਾਰੀ ਵਧਾ ਸਕਦੇ ਹਨ...ਇਸ ਦਾ ਟੀਚਾ ਨੁਕਸਾਨ ਘਟਾਉਣਾ ਹੈ ਅਤੇ ਇਸ ਸੰਭਾਵਨਾ ਨੂੰ ਘੱਟ ਤੋਂ ਘੱਟ ਕਰਨਾ ਹੈ ਕਿ ਵਿਦਿਆਰਥੀ ਮੁੜ ਕੇ ਨਾਪ੍ਰਵਾਨਯੋਗ ਵਰਤਾਉ ਕਰੇਗਾ।"

ਸਪੈਸ਼ਲ ਪ੍ਰੋਗਰਾਮਜ਼ ਬਰਾਂਚ, ਬੀ ਸੀ ਮਨਿਸਟਰੀ ਆਫ ਐਜੂਕੇਸ਼ਨ, *ਫੋਕਸ ਔਨ ਸਸਪੈਨਸ਼ਨ: ਏ ਰੀਸੋਰਸ ਫਾਰ ਸਕੂਲਜ਼। ਸਫਾ 36*

ਤੁਹਾਡੇ ਸਕੂਲ ਜ਼ਿਲ੍ਹੇ ਅਤੇ ਡਿਸਟਰਿਕਟ ਪੇਰੇਂਟ ਅਡਵਾਈਜ਼ਰੀ ਕੌਂਸਲ (ਡੀ ਪੀ ਏ ਸੀ) ਨੂੰ *ਫੋਕਸ ਔਨ ਸਸਪੈਨਸ਼ਨ* ਦੀ ਇਕ ਕਾਪੀ ਮਿਲੀ ਹੈ। *ਏ ਰੀਸੋਰਸ ਫਾਰ ਸਕੂਲਜ਼* 1999 ਵਿਚ ਮਨਿਸਟਰੀ ਆਫ ਐਜੂਕੇਸ਼ਨ ਨੇ ਛਾਪੀ ਸੀ। *ਫੋਕਸ ਔਨ ਸਸਪੈਨਸ਼ਨ* ਦਾ ਮੰਤਵ ਸਕੂਲ ਵਿਚੋਂ ਕੱਢਣ ਦੇ ਬਦਲ ਲੱਭਣ ਵਿਚ ਸਕੂਲਾਂ ਦੀ ਮਦਦ ਕਰਨਾ ਹੈ ਅਤੇ ਇਸ ਵਿਚ ਰੋਕਥਾਮ ਅਤੇ ਦਖਲਅੰਦਾਜ਼ੀ ਦੀਆਂ ਜੁਗਤਾਂ ਬਾਰੇ ਸੁਝਾਅ ਅਤੇ ਸਕੂਲ ਅਤੇ ਕਲਾਸਰੂਮ ਵਿਚਲੇ ਵਤੀਰੇ ਵਿਚ ਸੁਧਾਰ ਕਰਨ ਵਾਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਸ਼ਾਮਲ ਹਨ।

✓ ਜੇ ਪੜਤਾਲ ਜਾਂ ਅਨੁਸਾਸ਼ਨ ਦੀ ਕਾਰਵਾਈ ਹੁੰਦੀ ਹੈ ਜਿਸ ਵਿਚ ਸਕੂਲੋਂ ਕੱਢਣਾ ਵੀ ਸ਼ਾਮਲ ਹੈ ਤਾਂ ਤੁਹਾਨੂੰ ਉਨ੍ਹਾਂ ਨੀਤੀਆਂ ਦੀ ਕਾਪੀ ਲੈਣ ਦੀ ਲੋੜ ਹੈ ਜਿਹੜੀਆਂ ਇਨ੍ਹਾਂ ਕੇਸਾਂ ਵਿਚ ਲਾਗੂ ਹੁੰਦੀਆਂ ਹਨ। ਉਦਾਹਰਣ ਲਈ:
- ਸਕੂਲ ਜ਼ਿਲ੍ਹੇ ਨੂੰ ਸਕੂਲੋਂ ਕੱਢੇ 16 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਦਾ ਇਕ ਪ੍ਰੋਗਰਾਮ ਜ਼ਰੂਰ ਪ੍ਰਦਾਨ ਕਰਨਾ ਪਵੇਗਾ। ਸਕੂਲ ਜ਼ਿਲ੍ਹਾ ਇਹ ਪ੍ਰੋਗਰਾਮ ਕਈ ਤਰੀਕਿਆਂ ਨਾਲ ਪ੍ਰਦਾਨ ਕਰ ਸਕਦਾ ਹੈ।
- ਤੁਹਾਡੇ ਬੱਚੇ ਲਈ ਸੇਵਾਵਾਂ ਮੌਜੂਦ ਹੋ ਸਕਦੀਆਂ ਹਨ, ਜਿਵੇਂ ਕਿ ਮਨੋਵਿਗਿਆਨਕ ਵਿਸ਼ਲੇਸ਼ਣ ਜਾਂ ਕਿਸੇ ਬਾਹਰੀ ਏਜੰਸੀ ਕੋਲ ਭੇਜਣਾ ਜਿਹੜੇ ਕਿ ਤੁਹਾਡੇ ਬੱਚੇ ਨੂੰ ਆਪਣੇ ਵਤੀਰੇ ਦੀ ਗੰਭੀਰਤਾ ਦੀ ਪਛਾਣ ਕਰਨ ਵਿਚ ਮਦਦ ਕਰਨਗੇ ਅਤੇ ਦੁਬਾਰਾ ਅਜਿਹਾ ਹੋਣ ਤੋਂ ਰੋਕਣਗੇ।

✓ ਤੁਹਾਡਾ ਬੱਚਾ ਸਾਰੀਆਂ ਮੀਟਿੰਗਾਂ ਅਤੇ ਇੰਟਰਵਿਊਆਂ ਵਿਚ ਮਾਪੇ ਜਾਂ ਸਹਾਇਤਾ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਹਾਜ਼ਰ ਰੱਖਣ ਦੇ ਯੋਗ ਹੋਣਾ ਚਾਹੀਦਾ ਹੈ।

✓ ਜੇ ਤੁਸੀਂ ਕੋਈ ਅਪੀਲ ਕਰ ਸਕਦੇ ਹੋਏ ਤਾਂ ਤੁਹਾਨੂੰ ਇਸ ਬਾਰੇ ਦੱਸਿਆ ਜਾਣਾ ਚਾਹੀਦਾ ਹੈ (*ਤੁਹਾਡਾ ਅਪੀਲ ਕਰਨ ਦਾ ਹੱਕ* ਦੇਖੋ, ਸਫਾ 9)।

✓ ਜੇ ਸਕੂਲ ਇਹ ਯਕੀਨ ਕਰਦਾ ਹੈ ਕਿ ਪੁਲੀਸ ਦੇ ਦਖਲ ਦੀ ਲੋੜ ਹੈ ਤਾਂ ਤੁਸੀਂ ਜਾਂ ਤੁਹਾਡਾ ਬੱਚਾ ਕਾਨੂੰਨੀ ਸਲਾਹ ਲੈ ਸਕਦੇ ਹੋ।

✓ ਜੇ ਤੁਹਾਡੇ ਬੱਚੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ *ਯੂਥ ਕਰਿਮੀਨਲ ਜਸਟਿਸ ਐਕਟ ਅਪਰੈਲ 2003* ਅਧੀਨ ਹਿਰਾਸਤ ਵਿਚ ਲਿਆ ਗਿਆ ਹੈ ਤਾਂ ਇਸ ਬਾਰੇ ਪੁਲੀਸ ਤੁਹਾਨੂੰ ਜ਼ਰੂਰ ਦੱਸੇਗੀ।

✓ ਜੇ ਤੁਹਾਡੇ ਬੱਚੇ ਤੋਂ ਤੰਗ ਕਰਨ ਦੀ ਕਿਸੇ ਘਟਨਾ ਬਾਰੇ ਪੁਲੀਸ ਵਲੋਂ ਜਾਂ ਕਿਸੇ ਹੋਰ ਅਧਿਕਾਰੀ (ਉਦਾਹਰਣ ਲਈ, ਪ੍ਰਿੰਸੀਪਲ) ਵਲੋਂ ਪੁੱਛ-ਪੜਤਾਲ ਕੀਤੀ ਜਾਣੀ ਹੈ ਤਾਂ ਤੁਹਾਡੇ ਬੱਚੇ ਨੂੰ ਇਹ ਹੱਕ ਹੈ ਕਿ ਉਹ ਕਿਸੇ ਬਾਲਗ ਵਿਅਕਤੀ ਨੂੰ ਕੋਲ ਰੱਖ ਸਕਦਾ ਹੈ ਅਤੇ ਇਹ ਚੋਣ ਕਰ ਸਕਦਾ ਹੈ ਕਿ ਉਹ ਬਾਲਗ ਵਿਅਕਤੀ ਕੌਣ ਹੋਵੇਗਾ।

**"ਤੰਗ ਕਰਨ ਸਬੰਧੀ ਨੀਤੀਆਂ ਨੂੰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਉਣੀਆਂ ਚਾਹੀਦੀਆਂ ਹਨ...ਤੰਗ ਕਰਨ ਦੀ ਕਿਸੇ ਘਟਨਾ ਦੀ ਗੰਭੀਰਤਾ ਮੁਤਾਬਕ।**
**ਅਨੁਸ਼ਾਸ਼ਨੀ ਕਾਰਵਾਈ ਦੀਆਂ ਉਦਾਹਰਣਾਂ ਵਿਚ, ਜ਼ਬਾਨੀ ਅਤੇ ਲਿਖਤੀ ਮੁਆਫੀਆਂ, ਜਬਰੀ ਅਟਕਾਅ, ਤੰਗ ਕਰਨ ਦੀ ਗੰਭੀਰਤਾ ਬਾਰੇ ਟਰੇਨਿੰਗ ਅਤੇ ਸਿਖਿਆ, ਸਲਾਹ-ਮਸ਼ਵਰਾ, ਬਰਖਾਸਤਗੀ ਅਤੇ ਕੱਢੇ ਜਾਣ ਸ਼ਾਮਲ ਹਨ।"**
**ਏਰਿਕ ਐੱਮ. ਰੋਹਰ, *ਐਨ ਐਜੂਕੇਟਰਜ਼ ਗਾਈਡ ਟੂ ਵਾਇਲੈਂਸ ਇਨ ਸਕੂਲਜ਼*, ਕੈਨੇਡਾ ਲਾਅ ਬੁੱਕ ਇੰਕ,** 1997, **ਸਫਾ** 153

***ਬੀ ਸੀ ਸਕੂਲ ਐਕਟ*** **ਦਾ ਸੈਕਸ਼ਨ** 76 (3) **ਇਹ ਮੰਗ ਕਰਦਾ ਹੈ ਕਿ ਵਿਦਿਆਰਥੀ ਦੇ ਸਕੂਲ ਵਿਚ ਹੋਣ ਦੌਰਾਨ ਵਿਦਿਆਰਥੀ ਦਾ ਅਨੁਸ਼ਾਸ਼ਨ..."ਦਿਆਲੂ, ਅਡੋਲ ਅਤੇ ਨਿਆਂਪੂਰਣ ਮਾਪੇ ਵਰਗਾ ਹੋਣਾ ਚਾਹੀਦਾ ਹੈ, ਪਰ ਇਸ ਵਿਚ ਸਰੀਰਕ ਸਜ਼ਾ ਸ਼ਾਮਲ ਨਹੀਂ ਹੋਣੀ ਚਾਹੀਦੀ।"**

# ਅਪੀਲ ਕਰਨ ਦਾ ਤੁਹਾਡਾ ਹੱਕ

*ਤੁਹਾਡੀ ਡਿਸਟਰਿਕਟ ਪੇਰੇਂਟ ਅਡਵਾਈਜ਼ਰੀ ਕੌਂਸਲ (ਡੀ ਪੀ ਏ ਸੀ) ਕੋਲ ਐਡਵੋਕੇਟ ਜਾਂ ਹੋਰ ਹਿਮਾਇਤੀ ਹੋ ਸਕਦੇ ਹਨ ਜਿਹੜੇ ਤੁਹਾਡੀ ਮਦਦ ਕਰ ਸਕਦੇ ਹਨ। ਮਦਦ ਬੀ ਸੀ ਸੀ ਪੀ ਏ ਸੀ ਐਡਵੋਕੇਸੀ ਪ੍ਰੋਜੈਕਟ ਰਾਹੀਂ ਵੀ ਮਿਲ ਸਕਦੀ ਹੈ ਜਿਨ੍ਹਾਂ ਨੂੰ ਮੁਫਤ ਸੁਨੇਹਾ 1-888-351-9834 ਤੇ ਛੱਡਿਆ ਜਾ ਸਕਦਾ ਹੈ।*

*ਤੁਸੀਂ ਅਪੀਲ ਨੀਤੀ ਦੀ ਕਾਪੀ ਆਪਣੇ ਸਕੂਲ ਜਾਂ ਸਕੂਲ ਜ਼ਿਲ੍ਹੇ ਤੋਂ ਲੈ ਸਕਦੇ ਹੋ। ਕੁਝ ਪੇਰੇਂਟ ਅਡਵਾਈਜ਼ਰੀ ਕੌਂਸਲਾਂ (ਪੀ ਏ ਸੀਜ਼) ਜਾਂ ਡਿਸਟਰਿਕਟ ਪੇਰੇਂਟ ਅਡਵਾਈਜ਼ਰੀ ਕੌਂਸਲਾਂ (ਡੀ ਪੀ ਏ ਸੀਜ਼) ਕੋਲ ਵੀ ਇਹ ਕਾਪੀ ਹੋ ਸਕਦੀ ਹੈ।*

ਅਪੀਲ ਕਰਨ ਦੀਆਂ ਨੀਤੀਆਂ ਹੋਰ ਨੀਤੀਆਂ ਵਾਂਗ ਹੀ ਹਰ ਜਿਲ੍ਹੇ ਵਿਚ ਵੱਖ ਵੱਖ ਹਨ। ਇਹ ਪੱਕਾ ਕਰੋ ਕਿ ਤੁਹਾਡੇ ਕੋਲ ਆਪਣੇ ਜਿਲ੍ਹੇ ਦੀ ਅਪੀਲ ਨੀਤੀ ਦੀ ਬਿਲਕੁਲ ਤਾਜ਼ਾ ਕਾਪੀ ਅਤੇ ਅਜਿਹੇ ਹੋਰ ਫਾਰਮ ਹੋਣ ਜਿਹੜੇ ਇਸ ਦੇ ਨਾਲ ਮਿਲਦੇ ਹਨ।

*ਬੀ ਸੀ ਸਕੂਲ ਐਕਟ* ਦਾ ਸੈਕਸ਼ਨ 11*(ਅਪੀਲਜ਼)* ਮਾਪਿਆਂ ਅਤੇ/ਜਾਂ ਵਿਦਿਆਰਥੀਆਂ ਨੂੰ ਸਕੂਲ ਬੋਰਡ ਤੋਂ ਇਹ ਮੰਗ ਕਰਨ ਦਾ ਅਧਿਕਾਰ ਦਿੰਦਾ ਹੈ ਕਿ ਉਹ ਸਕੂਲ ਦੇ ਕਿਸੇ ਸਟਾਫ ਮੈਂਬਰ ਵਲੋਂ ਕੀਤੇ ਗਏ ਫੈਸਲੇ ਜਾਂ ਫੈਸਲਾ ਨਾ ਕਰਨ ਵਿਚ ਨਾਕਾਮਯਾਬ ਰਹਿਣ ਤੇ ਮੁੜ ਵਿਚਾਰ ਕਰੇ ਜਿਹੜਾ "ਕਿਸੇ ਵਿਦਿਆਰਥੀ ਦੀ ਪੜ੍ਹਾਈ, ਸਿਹਤ ਜਾਂ ਸੁਰੱਖਿਆ ਤੇ ਮਹੱਤਵਪੂਰਨ ਅਸਰ ਪਾਉਂਦਾ ਹੈ"। ਹਰ ਸਕੂਲ ਜ਼ਿਲ੍ਹੇ ਕੋਲ ਇਹ ਨੀਤੀ ਹੋਣੀ ਜ਼ਰੂਰੀ ਹੈ ਕਿ ਮਾਪੇ ਤੇ ਵਿਦਿਆਰਥੀ ਅਪੀਲ ਕਿਵੇਂ ਕਰ ਸਕਦੇ ਹਨ। ਅਪੀਲ ਤੋਂ ਬਾਅਦ ਸਕੂਲ ਬੋਰਡ ਦਾ ਫੈਸਲਾ ਆਖਰੀ ਹੁੰਦਾ ਹੈ।

✓ ਇਹ ਮੰਗ ਕਰੋ ਕਿ ਤੁਹਾਡੀ ਅਪੀਲ ਜਿੰਨਾ ਵੀ ਛੇਤੀ ਹੋ ਸਕੇ ਸੁਣੀ ਜਾਵੇ।

✓ ਉੱਥੇ ਹਾਜ਼ਰ ਹੋਣ ਲਈ ਕਹੋ ਤਾਂ ਜੋ ਤੁਸੀਂ ਉਹ ਜਾਣਕਾਰੀ ਸੁਣ ਸਕੋ ਜਿਹੜੀ ਸਟਾਫ ਦੇ ਮੈਂਬਰ ਨੇ ਦੇਣੀ ਹੈ; ਤੁਸੀਂ ਇਹ ਜਾਣਕਾਰੀ ਅਗਾਊਂ ਵੀ ਮੰਗ ਸਕਦੇ ਹੋ।

✓ ਇਸ ਸਬੰਧੀ ਸਵਾਲ ਪੁੱਛੋ ਕਿ ਅਪੀਲ ਦੀ ਸੁਣਵਾਈ ਕਿਸ ਤਰ੍ਹਾਂ ਹੋਵੇਗੀ:

- ਆਪਣੀ ਜਾਣਕਾਰੀ ਪੇਸ਼ ਕਰਨ ਲਈ ਤੁਹਾਡੇ ਕੋਲ ਕਿੰਨਾ ਸਮਾਂ ਹੋਵੇਗਾ?
- ਉੱਥੇ ਕੌਣ ਹੋਵੇਗਾ?
- ਕੀ ਤੁਸੀਂ ਆਪਣੀ ਮਦਦ ਲਈ ਕਿਸੇ ਨੂੰ ਨਾਲ ਲਿਆ ਸਕਦੇ ਹੋ?
- ਕੀ ਦੂਜਿਆਂ ਤੋਂ ਸਵਾਲ ਪੁੱਛਣ ਦਾ ਮੌਕਾ ਮਿਲੇਗਾ?
- ਕੀ ਦੂਜੇ ਲੋਕ ਤੁਹਾਡੇ ਤੋਂ ਸਵਾਲ ਪੁੱਛਣਗੇ?

✓ ਅਪੀਲ ਦੌਰਾਨ ਲਿਖੀ ਗਈ ਕਾਰਵਾਈ ਦੀ ਕਾਪੀ ਮੰਗੋ।

ਲੋਕਲ ਸਕੂਲ ਬੋਰਡ ਕੋਲ ਆਪਣੀ ਅਪੀਲ ਕਰਨ ਤੋਂ ਬਾਅਦ ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਅਪੀਲ ਦੀ ਸੁਣਵਾਈ ਵਾਜਬ ਢੰਗ ਨਾਲ ਨਹੀਂ ਹੋਈ ਤਾਂ ਤੁਸੀਂ ਜਾਂ ਤੁਹਾਡਾ ਬੱਚਾ ਓਮਬਡਜ਼ਮੈਨ ਦੇ ਦਫਤਰ ਕੋਲ ਸ਼ਿਕਾਇਤ ਕਰ ਸਕਦੇ ਹੋ। ਓਮਬਡਜ਼ਮੈਨ ਕਾਰਵਾਈ ਦੀ ਪੜਤਾਲ ਕਰ ਸਕਦਾ ਹੈ ਕਿਸੇ ਹੱਲ ਦੀ ਸਿਫਾਰਸ਼ ਕਰ ਸਕਦਾ ਹੈ ਪਰ ਉਹ ਕਿਸੇ ਫੈਸਲੇ ਨੂੰ ਰੱਦ ਨਹੀਂ ਕਰ ਸਕਦਾ। ਓਮਬਡਜ਼ਮੈਨ ਦੇ ਦਫਤਰ ਤੋਂ ਸ਼ਿਕਾਇਤ ਕਰਨ ਲਈ ਇਕ ਫਾਰਮ ਮਿਲਦਾ ਹੈ ਜਿਹੜਾ ਤੁਸੀਂ ਫੋਨ ਕਰਕੇ ਲੈ ਸਕਦੇ ਹੋ ਜਾਂ ਅੱਗੇ ਲਿਖੇ ਐਡਰੈਸ ਤੇ ਵੈੱਬਸਾਈਟ ਤੋਂ ਡਾਊਨਲੋਡ ਕਰ ਸਕਦੇ ਹੋ: www.ombud.gov.bc.ca/complaint_form.html

ਆਪਣੀ ਅਪੀਲ ਦਾ ਵੇਰਵਾ ਲਿਖਣ ਲਈ ਜੇ ਤੁਸੀਂ ਸਫਾ 10 ਤੇ ਦਰਜ ਸਵੈ-ਸਹਾਇਤਾ ਗਾਈਡ ਦੀ ਵਰਤੋਂ ਕਰੋ ਤਾਂ ਤੁਹਾਡੇ ਕੋਲ ਸ਼ਿਕਾਇਤ ਫਾਰਮ ਨੂੰ ਭਰਨ ਲਈ ਚਾਹੀਦੀ ਜਾਣਕਾਰੀ ਮੌਜੂਦ ਹੋਵੇਗੀ।

***ਜੇ ਕਿਸੇ ਵੀ ਵੇਲੇ ਤੁਹਾਨੂੰ ਇਹ ਮਹਿਸੂਸ ਹੋਵੇ ਕਿ ਤੁਹਾਡੇ ਨਾਲ ਨਾਵਾਜਬ ਵਰਤਾਉ ਹੋਇਆ ਹੈ ਤਾਂ ਤੁਸੀਂ ਓਮਬਡਜ਼ਮੈਨ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹੋ:***

***ਮੁਫਤ ਫੋਨ ਕਰੋ:*** *1-800-567-3247*
***(ਸਾਰੇ ਬੀ ਸੀ ਵਿਚ)*** *1-800-667-1303*
***(ਟੀ ਟੀ ਵਾਈ) ਜਾਂ*** *(250) 387-5855* ***ਤੇ ਵਿਕਟੋਰੀਆ ਵਿਚ ਜਾਂ*** *(250) 387-5446* ***(ਵਿਕਟੋਰੀਆ ਟੀ ਟੀ ਵਾਈ)***

***ਵੈੱਬਸਾਈਟ:***
*http://www.ombud.gov.bc.ca*

***ਫੈਕਸ:***
***ਵਿਕਟੋਰੀਆ:*** *(250) 387-0198*
***ਵੈਨਕੂਵਰ:*** *(604) 660-1691*

***ਡਾਕ:***
*931 Fort Street*
*Victoria, BC*
V8V 3K3

# ਤੰਗ ਕਰਨ ਅਤੇ ਡਰਾਉਣ-ਧਮਕਾਉਣ ਨਾਲ ਸਿੱਝਣਾ

## ਸਵੈ-ਸਹਾਇਤਾ ਗਾਈਡ

BCCPAC

ਘਟਨਾ ਦੇ ਵੇਰਵੇ ਲਿਖੋ ਜਿਵੇਂ ਕਿ:

- ਤਰੀਕਾਂ
- ਸਮੇਂ
- ਸਥਾਨ
- ਕੌਣ (ਜੇ ਪਤਾ ਹੋਵੇ)
- ਤੰਗ ਕਰਨ/ਡਰਾਉਣ-ਧਮਕਾਉਣ ਦਾ ਤੁਹਾਡੇ ਬੱਚੇ ਤੇ ਕੀ ਅਸਰ ਪਿਆ ਹੈ?
- ਇਸ ਹਾਲਤ ਤੇ ਕਿਹੜੀਆਂ ਨੀਤੀਆਂ, ਕਾਨੂੰਨ, ਆਦਿ ਲਾਗੂ ਹੁੰਦੇ ਹਨ?
- ਤੁਹਾਡੇ ਬੱਚੇ ਦੇ ਹੱਕ ਅਤੇ ਜ਼ਿੰਮੇਵਾਰੀਆਂ ਕੀ ਹਨ?
- ਸਿਸਟਮ ਦੇ ਹੱਕ ਅਤੇ ਜ਼ਿੰਮੇਵਾਰੀਆਂ ਕੀ ਹਨ?

**ਜਾਣਕਾਰੀ ਦੇ ਸੰਭਵ ਵਸੀਲੇ:**

- ਸਕੂਲ ਜਾਂ ਸਕੂਲ ਬੋਰਡ ਦਾ ਦਫਤਰ: ਨੀਤੀਆਂ, ਕਾਰਵਾਈਆਂ,ਆਦਿ ਬਾਰੇ ਜਾਣਕਾਰੀ
- ਤੁਹਾਡੀ ਸਥਾਨਕ ਪੀ ਏ ਸੀ ਜਾਂ ਡੀ ਪੀ ਏ ਸੀ
- ਬੀ ਸੀ ਸੀ ਪੀ ਏ ਸੀ ਐਡਵੋਕੇਸੀ ਪ੍ਰੋਜੈਕਟ: ਬੀ ਸੀ ਵਿਚ ਮੁਫਤ ਫੋਨ ਕਰੋ 1-888-351-9834
- ਬੀ ਸੀ ਸੀ ਪੀ ਏ ਸੀ ਦਫਤਰ: (604) 687-4433
- ਬੱਚਿਆਂ ਅਤੇ ਜਵਾਨਾਂ ਨੂੰ ਸੇਵਾਵਾਂ ਦੇਣ ਵਾਲੀਆਂ ਸਥਾਨਕ ਏਜੰਸੀਆਂ। ਵਿਚਾਰਾਂ ਲਈ ਇਸ ਗਾਈਡ ਦਾ ਵਸੀਲਾ ਭਾਗ ਦੇਖੋ।
- ਕਮਿਊਨਟੀ ਅਤੇ ਸਕੂਲ-ਆਧਾਰਿਤ ਸਲਾਹ-ਮਸ਼ਵਰੇ ਦੀਆਂ ਸੇਵਾਵਾਂ
- ਮਾਨਸਿਕ ਸਿਹਤ ਏਜੰਸੀਆਂ
- ਬੀ ਸੀ ਸੇਫ ਸਕੂਲਜ਼ ਅਤੇ ਕਮਿਊਨਟੀ ਸੈਂਟਰ: ਬੀ ਸੀ ਵਿਚ ਮੁਫਤ ਫੋਨ ਕਰੋ 1-888-224-SAFE (7233)
- ਪੁਲੀਸ
- ਓਮਬਡਜ਼ਮੈਨ ਦਾ ਦਫਤਰ

***ਆਪਣੇ ਬੱਚੇ ਨਾਲ ਰਲ ਕੇ ਇਸ ਗਾਈਡ ਤੇ ਵਿਚਾਰ ਕਰੋ***

1. **ਘਟਨਾ (ਘਟਨਾਵਾਂ) ਦੇ ਵੇਰਵੇ ਲਿਖੋ।**

2. **ਸਪਸ਼ਟ ਲਿਖੋ ਕਿ ਮਸਲਾ ਕੀ ਹੈ (ਜੋ ਕਿ ਸ਼ਬਦਾਂ ਵਿਚ ਤੁਹਾਡੀ ਸ਼ਿਕਾਇਤ ਵਿਚ ਲਿਖਿਆ ਜਾ ਸਕੇ)।**

3. **ਆਪਣੇ ਬੱਚੇ ਨਾਲ ਗੱਲ ਕਰੋ ਅਤੇ ਸਮੱਸਿਆ ਦਾ ਹੱਲ ਕਰਨ ਲਈ ਆਪਣੇ ਖਿਆਲ ਲਿਖੋ।**

**ਕੀਤੀ ਗਈ ਕਾਰਵਾਈ:** *ਸੌਖ ਲਈ ਆਪਣੀ ਸਾਰੀ ਜਾਣਕਾਰੀ ਇਕੱਠੀ ਰੱਖਣਾ ਜ਼ਰੂਰੀ ਹੈ, ਜਿਸ ਵਿਚ ਹੋਈ ਗੱਲਬਾਤ ਅਤੇ ਭੇਜੀਆਂ ਗਈਆਂ ਅਤੇ ਮਿਲੀਆਂ ਚਿੱਠੀਆਂ ਦੇ ਰਿਕਾਰਡ ਆਦਿ ਸ਼ਾਮਲ ਹਨ। ਜੇ ਲੋੜ ਹੋਵੇ ਤਾਂ ਇਕ ਹੋਰ ਸ਼ੀਟ ਨਾਲ ਜੋੜੋ।*

**ਵੇਰਵੇ ਲਿਖੋ ਜਿਵੇਂ ਕਿ:**

- ਤੁਸੀਂ ਕਿਸ ਨਾਲ ਗੱਲ ਕੀਤੀ
- ਕਦੋਂ
- ਕਿਵੇਂ (ਚਿੱਠੀ, ਟੈਲੀਫੋਨ, ਫੈਕਸ ਰਾਹੀਂ ਆਦਿ)
- ਘਟਨਾ ਦੀ ਪੜਤਾਲ ਕੌਣ ਕਰ ਰਿਹਾ ਹੈ
- ਪੜਤਾਲ ਕਰਨ ਵਾਲਾ (ਇਨਵੈਸਟੀਗੇਟਰ) ਕੀ ਕਰੇਗਾ
- ਤੁਸੀਂ ਕਿਸ ਚੀਜ਼ ਨਾਲ ਸਹਿਮਤ ਹੋਏ
- ਪੜਤਾਲ ਕਰਨ ਵਾਲਾ ਕਦੋਂ ਅਤੇ ਕਿਵੇਂ ਤੁਹਾਡੇ ਨਾਲ ਸੰਪਰਕ ਕਰੇਗਾ
- ਕੀ ਤੁਹਾਨੂੰ ਉਨ੍ਹਾਂ ਨੂੰ ਮੁੜ ਕੇ ਫੋਨ ਕਰਨ ਦੀ ਲੋੜ ਹੈ? **ਕਦੋਂ?**
- ਸਕੂਲ ਤੁਹਾਡੇ ਬੱਚੇ ਨੂੰ ਕਿਸ ਤਰ੍ਹਾਂ ਸੁਰੱਖਿਅਤ ਅਤੇ ਉਸ ਦੀ ਪਛਾਣ ਨੂੰ ਗੁਪਤ ਰੱਖੇਗਾ
- ਜੇ ਤੁਹਾਡੇ ਬੱਚੇ ਨੂੰ ਲੋੜ ਹੋਵੇ ਤਾਂ ਕਿਸ ਤਰ੍ਹਾਂ ਦਾ ਸਲਾਹ-ਮਸ਼ਵਰਾ ਮੌਜੂਦ ਹੈ
- ਜੇ ਜ਼ਰੂਰੀ ਹੋਵੇ ਤਾਂ ਤੁਹਾਡੇ ਬੱਚੇ ਦੀ ਸਕੂਲ ਵਿਚ ਮੁੜ ਕੇ ਤਬਦੀਲੀ ਕਿਵੇਂ ਹੋਵੇਗੀ
- ਜੇ ਤੁਹਾਡੇ ਜਾਂ ਤੁਹਾਡੇ ਬੱਚੇ ਦੇ ਮਨ ਵਿਚ ਕੋਈ ਹੋਰ ਫਿਕਰ ਹੋਣ ਤਾਂ ਤੁਹਾਨੂੰ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?
- ਕੀ ਤੁਹਾਨੂੰ ਪੁਲੀਸ ਨੂੰ ਫੋਨ ਕਰਨ ਦੀ ਲੋੜ ਹੈ?
- ਕੀ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਮਦਦ ਦੀ ਲੋੜ ਹੈ?

ਤਰੀਕ/ਸਮਾਂ: ____________ ਸੰਪਰਕ: ____________

ਰਾਹੀਂ: ☐ ਫੋਨ ☐ ਨਿੱਜੀ ਤੌਰ ਤੇ ☐ ਚਿੱਠੀ ਰਾਹੀਂ

ਕਾਰਵਾਈ: ____________

ਨਤੀਜਾ: ____________

ਤਰੀਕ/ਸਮਾਂ: ____________ ਸੰਪਰਕ: ____________

ਰਾਹੀਂ: ☐ ਫੋਨ ☐ ਨਿੱਜੀ ਤੌਰ ਤੇ ☐ ਚਿੱਠੀ ਰਾਹੀਂ

ਕਾਰਵਾਈ: ____________

ਨਤੀਜਾ: ____________

ਤਰੀਕ/ਸਮਾਂ: ____________ ਸੰਪਰਕ: ____________

ਰਾਹੀਂ: ☐ ਫੋਨ ☐ ਨਿੱਜੀ ਤੌਰ ਤੇ ☐ ਚਿੱਠੀ ਰਾਹੀਂ

ਕਾਰਵਾਈ: ____________

ਨਤੀਜਾ: ____________

ਤਰੀਕ/ਸਮਾਂ: ____________ ਸੰਪਰਕ: ____________

ਰਾਹੀਂ: ☐ ਫੋਨ ☐ ਨਿੱਜੀ ਤੌਰ ਤੇ ☐ ਚਿੱਠੀ ਰਾਹੀਂ

ਕਾਰਵਾਈ: ____________

ਨਤੀਜਾ: ____________

# ਪੇਰੇਂਟ ਅਡਵਾਈਜ਼ਰੀ ਕੌਂਸਲ (ਪੀ ਏ ਸੀ ਅਤੇ ਡੀ ਪੀ ਏ ਸੀਜ਼) ਦਾ ਰੋਲ

ਸਕੂਲ ਅਤੇ ਜ਼ਿਲ੍ਹੇ ਦੀਆਂ ਨੀਤੀਆਂ ਆਪਣੇ ਆਪ ਹੀ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦੀਆਂ ਘਟਨਾਵਾਂ ਨੂੰ ਖਤਮ ਨਹੀਂ ਕਰਨਗੀਆਂ। ਸਕੂਲ ਦਾ ਮਾਹੌਲ ਹਾਂ ਪੱਖੀ ਬਣਾਉਣ ਅਤੇ ਕਾਇਮ ਰੱਖਣ ਦੀਆਂ ਕੋਸ਼ਿਸ਼ਾਂ ਲਈ - ਜਿੱਥੇ ਹਿੱਸਾ ਲੈਣ ਵਾਲੇ ਸਾਰੇ ਲੋਕ ਵਿਅਕਤੀਆਂ ਅਤੇ ਗਰੁੱਪਾਂ ਵਿਚ ਵਖਰੇਂਵਿਆਂ ਅਤੇ ਭਿੰਨਤਾ ਦੀ ਕਦਰ ਕਰਨ - ਲੰਮੇ ਸਮੇਂ ਦੀ ਵਿਓਂਤਬੰਦੀ, ਤਾਲਮੇਲ, ਸਹਿਯੋਗ, ਟਰੇਨਿੰਗ, ਨਿਗਰਾਨੀ, ਸੂਹ ਰੱਖਣ, ਅਤੇ ਮੁੱਲਾਂਕਣ ਕਰਨ ਦੀ ਲੋੜ ਹੈ।

ਪੀ ਏ ਸੀਜ਼, ਮਾਪਿਆਂ ਅਤੇ ਵਿਦਿਆਰਥੀਆਂ ਕੋਲੋਂ ਤੰਗ ਕਰਨ ਅਤੇ ਡਰਾਉਣ-ਧਮਕਾਉਣ ਨਾਲ ਸੰਬੰਧਿਤ ਆਪਣੇ ਤਜਰਬਿਆਂ ਅਤੇ ਸਕੂਲ ਵਲੋਂ ਕੀਤੀ ਗਈ ਕਾਰਵਾਈ ਪ੍ਰਤੀ ਉਨ੍ਹਾਂ ਦੀ ਸੰਤੁਸ਼ਟਤਾ ਦੇ ਪੱਧਰ ਨੂੰ ਸੁਣਨ ਲਈ ਪੂਰੀ ਤਰ੍ਹਾਂ ਤਿਆਰ ਹਨ। ਪੀ ਏ ਸੀਜ਼, ਸਕੂਲ ਅਤੇ ਕਮਿਉਨਟੀ ਦੋਨਾਂ ਵਿਚ, ਵਿਦਿਆਰਥੀਆਂ ਵਿਚਕਾਰ ਬੁਨਿਆਦੀ ਮੱਤਭੇਦਾਂ ਅਤੇ ਤਣਾ-ਤਣੀ ਬਾਰੇ ਜਾਣਕਾਰੀ ਵੀ ਲੈ ਸਕਦੀਆਂ ਹਨ। ਇਸ ਜਾਣਕਾਰੀ ਨਾਲ, ਪੀ ਏ ਸੀਜ਼ ਇਨ੍ਹਾਂ ਫਿਕਰਾਂ ਦੀ ਪਛਾਣ ਕਰ ਸਕਦੀਆਂ ਹਨ ਅਤੇ ਸਮੱਸਿਆ ਦਾ ਹੱਲ ਕਰਨ ਲਈ ਵਿਦਿਆਰਥੀਆਂ ਅਤੇ ਸਟਾਫ ਨਾਲ ਵਚਨਬੱਧਤਾ ਪ੍ਰਗਟਾ ਸਕਦੀਆਂ ਹਨ।

ਪੀ ਏ ਸੀਜ਼ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਇਸ ਬਾਰੇ ਢੁਕਵੀਂ ਜਾਣਕਾਰੀ ਪ੍ਰਦਾਨ ਕਰ ਸਕਦੀਆਂ ਹਨ ਕਿ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦੀਆਂ ਸਮੱਸਿਆਵਾਂ ਨਾਲ ਕਿਵੇਂ ਸਿੱਝਣਾ ਹੈ। ਉਹ ਇਹ ਵੀ ਕਰ ਸਕਦੇ ਹਨ:

- ✓ ਇਹ ਅਨੁਮਾਨ ਲਾ ਸਕਦੇ ਹਨ ਕਿ ਸੁਰੱਖਿਅਤ ਮਾਹੌਲ ਬਣਾਉਣ ਅਤੇ/ਜਾਂ ਕਾਇਮ ਰੱਖਣ ਲਈ ਸਕੂਲ ਕੀ ਕਰ ਰਹੇ ਹਨ (*ਤੁਹਾਡਾ ਸਕੂਲ ਕਿੰਨਾ ਸੁਰੱਖਿਅਤ ਹੈ* ਵਾਲਾ ਭਾਗ ਦੇਖੋ, ਸਫਾ 13)
- ✓ ਸੇਫ ਸਕੂਲ ਕਮੇਟੀ ਬਣਾਉਣ ਦੀ ਸਿਫਾਰਸ਼ ਕਰ ਸਕਦੀ ਹੈ
- ✓ ਸੇਫ ਸਕੂਲ ਕਮੇਟੀ ਵਿਚ ਹਿੱਸਾ ਲੈ ਸਕਦੀ ਹੈ
- ✓ ਤੰਗ ਕਰਨ ਅਤੇ ਡਰਾਉਣ-ਧਮਕਾਉਣ ਨਾਲ ਸੰਬੰਧਿਤ ਮਸਲਿਆਂ ਬਾਰੇ ਗਿਆਨਵਾਨ ਬੁਲਾਰਿਆਂ ਨੂੰ ਸੁਣਨ ਲਈ ਮਾਪਿਆਂ ਅਤੇ ਵਿਦਿਆਰਥੀਆਂ ਲਈ ਮੌਕੇ ਪ੍ਰਦਾਨ ਕਰ ਸਕਦੇ ਹਨ
- ✓ ਸਕੂਲ ਦੀਆਂ ਸੁਰੱਖਿਅਤ ਨੀਤੀਆਂ ਦੀ ਹਿਮਾਇਤ ਲਈ ਅਤੇ ਰੋਕਥਾਮ ਅਤੇ ਦਖਲਅੰਦਾਜ਼ੀ ਕਰਨ ਦੇ ਅਸਰਦਾਰ ਪ੍ਰੋਗਰਾਮਾਂ ਨੂੰ ਉਤਸ਼ਾਹ ਦੇਣ ਖਾਤਰ ਜ਼ਿਲ੍ਹੇ ਦੇ ਉੱਦਮਾਂ ਦੀ ਮਦਦ ਲਈ ਆਪਣੀ ਜ਼ਿਲ੍ਹੇ ਦੀ ਪੀ ਏ ਸੀ ਨਾਲ ਰਲ ਕੇ ਕੰਮ ਕਰ ਸਕਦੀ ਹੈ।

**ਪੇਰੇਂਟਸ ਅਡਵਾਈਜ਼ਰੀ ਕੌਂਸਲ, ਆਪਣੇ ਚੁਣੇ ਹੋਏ ਅਹੁਦੇਦਾਰਾਂ ਰਾਹੀਂ, ਬੋਰਡ ਅਤੇ ਪ੍ਰਿੰਸੀਪਲ ਅਤੇ ਸਟਾਫ ਨੂੰ ਸਕੂਲ ਨਾਲ ਸੰਬੰਧਿਤ ਕਿਸੇ ਵੀ ਮਸਲੇ ਬਾਰੇ ਸਲਾਹ ਦੇ ਸਕਦੀ ਹੈ।**

*ਸਕੂਲ ਐਕਟ,ਸੈਕਸ਼ਨ 8(4)*

# ਤੁਹਾਡਾ ਸਕੂਲ ਕਿੰਨਾ ਸੁਰੱਖਿਅਤ ਹੈ?

**ਆਪਣੇ ਸਕੂਲ ਦੀ ਸੁਰੱਖਿਆ ਦਾ ਅਨੁਮਾਨ ਲਾਉਣ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ *ਸੇਫ ਸਕੂਲ ਪਲੈਨਿੰਗ ਗਾਈਡ* ਅਤੇ *ਫੋਕਸ ਔਨ ਬੁਲੀਇੰਗ* ਦੇਖੋ (ਬੀ ਸੀ ਦੀ ਮਨਿਸਟਰੀ ਆਫ ਐਜੂਕੇਸ਼ਨ ਐਂਡ ਮਨਿਸਟਰੀ ਆਫ ਅਟਾਰਨੀ ਜਨਰਲ, ਹੁਣ ਮਨਿਸਟਰੀ ਆਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ)। *ਸੇਫ ਸਕੂਲ ਪਲੈਨਿੰਗ ਗਾਈਡ* ਦਾ ਇਕ ਸੋਧਿਆ ਅਡੀਸ਼ਨ 2003 ਦੀ ਪੱਤਝੜ ਰੁੱਤ ਤੋਂ ਮਿਲਦਾ ਹੈ। ਬੀ ਸੀ ਮਨਿਸਟਰੀ ਆਫ ਪਬਲਿਕ ਸੇਫਟੀ ਅਤੇ ਸੋਲਿਸਟਰ ਜਨਰਲ ਅਤੇ ਬੀ ਸੀ ਮਨਿਸਟਰੀ ਆਫ ਐਜੂਕੇਸ਼ਨ *ਫੋਕਸ ਔਨ ਹਰਾਸਮੈਂਟ ਐਂਡ ਇਨਟਿਮੀਡੇਸ਼ਨ ਰਿਸਪੌਂਡਿੰਗ ਟੂ ਬੁਲੀਇੰਗ ਇਨ ਸੈਕੰਡਰੀ ਸਕੂਲ ਕਮਿਊਨਟੀਜ਼* ਵੀ ਦੇਖੋ।**

ਇਹ ਅਨੁਮਾਨ ਲਾਉਣਾ ਕਿ ਤੁਹਾਡਾ ਸੈਕੰਡਰੀ ਸਕੂਲ ਸੁਰੱਖਿਅਤ ਅਤੇ ਖਿਆਲ ਰੱਖਣ ਵਾਲਾ ਮਾਹੌਲ ਤਿਆਰ ਕਰਨ ਅਤੇ/ਜਾਂ ਕਾਇਮ ਰੱਖਣ ਲਈ ਕੀ ਕਰ ਰਿਹਾ ਹੈ, ਇਹ ਪਤਾ ਲਾਉਣ ਦਾ ਇਕ ਤਰੀਕਾ ਹੈ ਕਿ ਤੁਹਾਡਾ ਸਕੂਲ ਕਿੱਥੇ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ, ਕਿਹੜੀ ਚੀਜ਼ ਬਦਲਣ ਦੀ ਲੋੜ ਹੈ ਅਤੇ ਕਿਸ ਚੀਜ਼ ਵਿਚ ਸੁਧਾਰ ਕਰਨ ਦੀ ਲੋੜ ਹੈ।

ਇਨ੍ਹਾਂ ਸਵਾਲਾਂ ਦੇ ਜਵਾਬ ਸੇਫ ਸਕੂਲ ਕਮੇਟੀ ਬਣਾਉਣ ਵਿਚ ਤੁਹਾਡੀ ਮਦਦ ਕਰਨਗੇ, ਜਾਂ ਜੇ ਕਮੇਟੀ ਪਹਿਲਾਂ ਹੀ ਬਣੀ ਹੋਈ ਹੈ ਤਾਂ ਸਮੱਸਿਆਵਾਂ ਦਾ ਹੱਲ ਕਰਨ ਵਿਚ ਮਦਦ ਕਰਨਗੇ।

- ❑ ਕਿਸ ਹੱਦ ਤੱਕ ਵਿਦਿਆਰਥੀ, ਅਧਿਆਪਕ, ਪ੍ਰਬੰਧਕ, ਸਹਾਇਤਾ ਕਰਨ ਵਾਲਾ ਸਟਾਫ, ਮਾਪੇ ਅਤੇ ਮਿਲਣ ਆਉਣ ਵਾਲੇ ਆਪਣਾ ਸੁਆਗਤ ਹੋਇਆ, ਖਿਆਲ ਰੱਖਿਆ ਗਿਆ ਅਤੇ ਤੁਹਾਡੇ ਸਕੂਲ ਦੀ ਜ਼ਿੰਦਗੀ ਦਾ ਇਕ ਹਿੱਸਾ ਮਹਿਸੂਸ ਕਰਦੇ ਹਨ?
- ❑ ਸਾਡੇ ਸਕੂਲ ਵਿਚ ਵਿਦਿਆਰਥੀਆਂ ਲਈ ਆਚਰਣ-ਨੇਮਾਵਲੀ ਕੀ ਹੈ? ਬਾਲਗਾਂ, ਸਟਾਫ, ਵਲੰਟੀਅਰਾਂ ਲਈ ਕੀ ਹੈ? ਕੀ ਨੇਮਾਵਲੀ ਦਿਖਾਈ ਜਾਂਦੀ ਹੈ? ਕੀ ਵਿਦਿਆਰਥੀਆ ਲਈ ਆਚਰਣ-ਨੇਮਾਵਲੀ ਅਤੇ ਬਾਲਗਾਂ ਲਈ ਨੇਮਾਵਲੀ ਵਿਚ ਕੋਈ ਫਰਕ ਹੈ?
- ❑ ਕੀ ਕਾਮੁਕ ਰੁਚੀਆਂ, ਲਿੰਗ, ਜਾਂ ਨਸਲ ਦਾ ਵਿਤਕਰਾ ਕੀਤੇ ਬਿਨਾਂ ਲੋਕਾਂ ਲਈ ਵਾਤਾਵਰਣ ਸੁਰੱਖਿਅਤ ਹੈ?
  - ✓ ਕੀ ਸਾਡੇ ਸਕੂਲ ਵਿਚ ਹੋਮੋਫੋਬੀਆ ਕੋਈ ਮਸਲਾ ਹੈ? ਕੀ ਲੋਕਾਂ ਲਈ ਸੁਰੱਖਿਅਤ ਮਾਹੌਲ ਹੈ ਭਾਵੇਂ ਉਨ੍ਹਾਂ ਦੀਆਂ ਕਾਮੁਕ ਰੁਚੀਆਂ ਕੋਈ ਵੀ ਹੋਣ?
  - ✓ ਕੀ ਸਾਡੇ ਸਕੂਲ ਵਿਚ ਸੈਕਸਵਾਦ ਦਾ ਕੋਈ ਮਸਲਾ ਹੈ? ਕੀ ਕਾਮੁਕ ਛੇੜਛਾੜ ਕੋਈ ਮਸਲਾ ਹੈ? ਕੀ "ਘਿਰਣਾ ਵਾਲੀ ਤੱਕਣੀ" ਦਾ ਬੋਲਬਾਲਾ ਹੈ?
  - ✓ ਕੀ ਨਸਲਵਾਦ ਦੀਆਂ ਘਟਨਾਵਾਂ ਵਾਪਰਦੀਆਂ ਹਨ? ਸਮੱਸਿਆ ਕਿੰਨੀ ਕੁ ਗੰਭੀਰ ਹੈ?

***ਘਿਰਣਾ ਵਾਲੀ ਤੱਕਣੀ ਇਕ ਵਿਤਕਰੇ ਵਾਲਾ ਵਤੀਰਾ ਹੈ ਜੋ ਕਿ ਕਿਸੇ ਦੂਜੇ ਦੀ ਦਿੱਖ ਤੇ ਆਧਾਰਿਤ ਹੁੰਦਾ ਹੈ।***

- ❑ ਸਮੁੱਚੇ ਤੌਰ ਤੇ ਸਾਡਾ ਸਕੂਲ ਭਿੰਨਤਾ ਦਾ ਕਿੰਨਾ ਕੁ ਆਦਰ ਕਰਦਾ ਹੈ?
- ❑ ਪਿਛਲੇ ਸਾਲ ਦੌਰਾਨ ਸਾਡੇ ਸਕੂਲ ਵਿਚ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦੀਆਂ ਕਿਹੜੀਆਂ ਘਟਨਾਵਾਂ ਵਾਪਰੀਆਂ? ਦੋ ਸਾਲਾਂ ਵਿਚ? ਇਨ੍ਹਾਂ ਘਟਨਾਵਾਂ ਨੂੰ ਰਿਕਾਰਡ ਕਿਵੇਂ ਕੀਤਾ ਗਿਆ ਸੀ ਅਤੇ ਇਨ੍ਹਾਂ ਦਾ ਹੱਲ ਕਿਵੇਂ ਕੀਤਾ ਗਿਆ ਸੀ? ਬਾਅਦ ਵਿਚ ਕੀ ਪੈਰਵੀ ਹੋਈ?
- ❑ ਸਾਡੇ ਸਕੂਲ ਵਿਚ ਬਾਲਗਾਂ ਅਤੇ ਵਿਦਿਆਰਥੀਆਂ ਵਿਚਕਾਰ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦੀਆਂ ਕਿਹੜੀਆਂ ਘਟਨਾਵਾਂ ਵਾਪਰੀਆਂ? ਇਨ੍ਹਾਂ ਘਟਨਾਵਾਂ ਨੂੰ ਰਿਕਾਰਡ ਕਿਵੇਂ ਕੀਤਾ ਗਿਆ ਸੀ ਅਤੇ ਇਨ੍ਹਾਂ ਦਾ ਹੱਲ ਕਿਵੇਂ ਕੀਤਾ ਗਿਆ ਸੀ? ਬਾਅਦ ਵਿਚ ਕੀ ਪੈਰਵੀ ਹੋਈ?
- ❑ ਸਾਡੇ ਸਕੂਲ ਵਿਚ ਵਿਦਿਆਰਥੀਆਂ ਨੂੰ ਤੰਗ ਕਰਨ ਅਤੇ ਡਰਾਉਣ-ਧਮਕਾਉਣ ਬਾਰੇ ਕਿੰਨੀ ਕੁ ਚੇਤਨਤਾ ਸਿਖਾਈ ਜਾਂਦੀ ਹੈ? ਕਿਹੜੇ ਖੇਤਰਾਂ ਵਿਚ, ਜੇ ਕੋਈ ਸਿਖਾਈ ਜਾਂਦੀ ਹੈ ਤਾਂ?

- ❑ ਤੁਹਾਡਾ ਸਕੂਲ ਤੰਗ ਕਰਨ ਅਤੇ ਡਰਾਉਣ-ਧਮਕਾਉਣ ਨੂੰ ਰੋਕਣ ਜਾਂ ਅਜਿਹਾ ਹੋਣ ਤੇ ਦਖਲਅੰਦਾਜ਼ੀ ਕਰਨ ਨਾਲ ਸੰਬੰਧਿਤ ਸਮਾਜਿਕ ਹੁਨਰ ਕਿੰਨੀ ਕੁ ਚੰਗੀ ਤਰ੍ਹਾਂ ਸਿਖਾਉਂਦਾ ਹੈ?

- ❑ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦਾ ਜਵਾਬ ਦੇਣ ਲਈ ਅਤੇ ਹੋਰ ਉੱਦਮਾਂ ਤੇ ਵਿਚਾਰ ਕਰਨ ਖਾਤਰ ਇਕੱਠੇ ਹੋਣ ਲਈ ਤੁਹਾਡਾ ਸਕੂਲ ਸਟਾਫ, ਵਿਦਿਆਰਥੀਆਂ, ਮਾਪਿਆਂ ਅਤੇ ਕਮਿਊਨਟੀ ਦੇ ਹੋਰ ਮੈਂਬਰਾਂ ਨੂੰ ਕਿਹੜੇ ਮੌਕੇ ਦਿੰਦਾ ਹੈ? ਕੀ ਇਹ ਅਸਰਦਾਰ ਹਨ?

- ❑ ਜੇ ਤੰਗ ਕਰਨ ਅਤੇ ਡਰਾਉਣ-ਧਮਕਾਉਣ ਦੀ ਕੋਈ ਘਟਨਾ ਵਾਪਰਦੀ ਹੈ ਤਾਂ ਦਖਲਅੰਦਾਜ਼ੀ ਕਰਨ ਲਈ ਤੁਹਾਡੇ ਸਕੂਲ ਦੀ ਨੀਤੀ ਅਤੇ ਅਮਲ ਕੀ ਹੈ? ਕਿਨ੍ਹਾਂ ਤਰੀਕਿਆਂ ਰਾਹੀਂ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਇਸ ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ?

# ਮਾਪਿਆਂ ਨੂੰ ਕੀ ਜਾਣਨ ਦੀ ਲੋੜ ਹੈ? ਹੱਕ ਅਤੇ ਜ਼ਿੰਮੇਵਾਰੀਆਂ

ਸਕੂਲ ਕਮਿਊਨਟੀ ਵਿਚ ਹਰ ਇਕ ਵਲੋਂ ਆਪਣੇ ਮੁਢਲੇ ਹੱਕ ਅਤੇ ਜ਼ਿੰਮੇਵਾਰੀਆਂ ਜਾਣਨ ਨਾਲ, ਜਿਸ ਵਿਚ ਮਾਪਿਆਂ ਅਤੇ ਵਿਦਿਆਰਥੀਆਂ ਦੇ ਹੱਕ ਵੀ ਸ਼ਾਮਲ ਹਨ, ਤੰਗ ਕਰਨ ਅਤੇ ਡਰਾਉਣ-ਧਮਕਾਉਣ ਬਾਰੇ ਨਿੱਜੀ ਅਤੇ ਸਕੂਲ ਪੱਧਰ ਦੇ ਫਿਕਰ ਹੱਲ ਕਰਨ ਲਈ ਰਲ ਕੇ ਕੰਮ ਕਰਨਾ ਸੌਖਾ ਹੋਵੇਗਾ। ਅੱਗੇ ਦਿੱਤੀ ਜਾਣਕਾਰੀ ਮੁਕੰਮਲ ਨਹੀਂ ਹੈ। ਘਟਨਾ ਦੀ ਕਿਸਮ ਮੁਤਾਬਕ, *ਯੂਥ ਕਰਿਮੀਨਲ ਜਸਟਿਸ ਐਕਟ ਅਪਰੈਲ 2003* ਜਾਂ *ਹਿਊਮਨ ਰਾਈਟਸ ਕੋਡ* ਵਰਗੇ ਹੋਰ ਕਾਨੂੰਨ ਵੀ ਲਾਗੂ ਹੋ ਸਕਦੇ ਹਨ। ਅਹੁਦੇ ਤੇ ਬਿਰਾਜਮਾਨ ਲੋਕਾਂ ਤੋਂ ਇਹ ਸਵਾਲ ਪੁੱਛੋ ਕਿ ਉਹ ਤੁਹਾਨੂੰ ਉਨ੍ਹਾਂ ਕਾਨੂੰਨਾਂ, ਨੀਤੀਆਂ ਅਤੇ ਅਮਲਾਂ ਬਾਰੇ ਦੱਸਣ ਜਿਹੜੇ ਤੁਹਾਡੇ ਬੱਚੇ ਦੀਆਂ ਹਾਲਤਾਂ ਤੇ ਲਾਗੂ ਹੋਣਗੇ।

*ਮਾਪਿਆਂ ਨੂੰ:*

- ✓ ਇਹ ਯਕੀਨੀ ਬਣਾਉਣ ਦਾ ਹੱਕ ਹੈ ਅਤੇ ਇਹ ਪਤਾ ਲਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਦੇ ਬੱਚੇ ਨਾਲ ਸਕੂਲ ਵਿਚ ਚੰਗਾ ਵਰਤਾਉ ਹੋ ਰਿਹਾ ਹੈ
- ✓ ਆਪਣੇ ਬੱਚੇ ਦੀ ਸਕੂਲ ਵਿਚ ਹਾਜ਼ਰੀ, ਵਰਤਾਉ, ਅਤੇ ਵਿਕਾਸ ਬਾਰੇ ਜਾਣਨ ਦਾ ਹੱਕ ਹੈ
- ✓ ਆਪਣੇ ਬੱਚੇ ਨਾਲ ਸੰਬੰਧਿਤ ਬੋਰਡ ਵਲੋਂ ਰੱਖੇ ਗਏ ਵਿਦਿਆਰਥੀ ਦੇ ਸਾਰੇ ਰਿਕਾਰਡਾਂ ਦੀ ਜਾਂਚ ਕਰਨ ਦਾ ਹੱਕ ਹੈ
- ✓ ਆਪਣੇ ਸਕੂਲ ਅਤੇ ਜ਼ਿਲ੍ਹੇ ਬਾਰੇ ਜਾਣਕਾਰੀ ਲੈਣ ਦਾ ਹੱਕ ਹੈ (ਅਜਿਹੀ ਜਾਣਕਾਰੀ ਇਹ ਲਾਭ ਲੈਣ ਵਿਚ ਤੁਹਾਡੀ ਮਦਦ ਕਰਦੀ ਹੈ ਕਿ ਤੁਹਾਡੇ ਬੱਚੇ ਲਈ ਕੀ ਮੌਜੂਦ ਹੈ)
- ✓ ਮਾਪੇ ਆਪਣੇ ਬੱਚੇ ਦੀ ਪੜ੍ਹਾਈ ਦੇ ਪ੍ਰੋਗਰਾਮ ਬਾਰੇ ਅਧਿਆਪਕ ਜਾਂ ਪ੍ਰਿੰਸੀਪਲ ਨਾਲ ਸਲਾਹ-ਮਸ਼ਵਰਾ ਕਰ ਸਕਦੇ ਹਨ। ਇਸ ਦੇ ਉਲਟ ਵੀ, ਜੇ ਮੰਗ ਕੀਤੀ ਜਾਵੇ ਤਾਂ ਮਾਪਿਆਂ ਨੂੰ ਵੀ ਆਪਣੇ ਬੱਚੇ ਦੀ ਪੜ੍ਹਾਈ ਦੇ ਪ੍ਰੋਗਰਾਮ ਬਾਰੇ ਅਧਿਆਪਕ ਜਾਂ ਪ੍ਰਿੰਸੀਪਲ ਨਾਲ ਸਲਾਹ-ਮਸ਼ਵਰਾ ਕਰਨ ਦੀ ਲੋੜ ਹੈ
- ✓ ਸਕੂਲ ਬੋਰਡ ਕੋਲ ਕਿਸੇ ਫੈਸਲੇ ਵਿਰੁੱਧ ਜਾਂ ਬੋਰਡ ਦੇ ਕਿਸੇ ਮੁਲਾਜ਼ਮ ਵਲੋਂ ਅਜਿਹਾ ਫੈਸਲਾ ਨਾ ਕਰ ਸਕਣ ਵਿਰੁੱਧ ਅਪੀਲ ਕਰਨ ਦਾ ਹੱਕ ਹੈ ਜਿਹੜਾ ਕਿ ਤੁਹਾਡੇ ਬੱਚੇ ਦੀ ਪੜ੍ਹਾਈ, ਸਿਹਤ ਜਾਂ ਸੁਰੱਖਿਆ ਤੇ ਮਹੱਤਵਪੂਰਨ ਅਸਰ ਪਾਉਂਦਾ ਹੈ
- ✓ ਪਬਲਿਕ ਸਕੂਲ ਸਿਸਟਮ ਨਾਲ ਵਰਤਣ ਵੇਲੇ ਸਹਾਇਤਾ ਲਈ ਕਿਸੇ ਨੂੰ ਨਾਲ ਲਿਜਾ ਸਕਦੇ ਹਨ। ਉਦਾਹਰਣ ਲਈ ਤੁਸੀਂ ਆਪਣੇ ਪਤੀ/ਪਤਨੀ, ਭਰੋਸੇਯੋਗ ਦੋਸਤ, ਜਾਂ ਜੇ ਤੁਹਾਡੇ ਜ਼ਿਲ੍ਹੇ ਵਿਚ ਮੌਜੂਦ ਹੋਵੇ ਤਾਂ ਡਿਸਟਰਿਕਟ ਪੇਰੇਂਟ ਅਡਵਾਈਜ਼ਰੀ ਕੌਂਸਲ ਐਡਵੋਕੇਟ ਨੂੰ ਲਿਜਾ ਸਕਦੇ ਹੋ
- ✓ ਪੇਰੇਂਟ ਅਡਵਾਈਜ਼ਰੀ ਕੌਂਸਲ (ਪੀ ਏ ਸੀ) ਨਾਲ ਜੁੜਣ ਦਾ ਹੱਕ ਹੈ
- ✓ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਨਾਲ ਜਾਂ ਉਨ੍ਹਾਂ ਤੋਂ ਅਲੱਗ ਬੋਰਡ ਦੀ ਕਿਸੇ ਵੀ ਉਸ ਜਾਇਦਾਦ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਜਿਸ ਨੂੰ ਜਾਣ-ਬੁੱਝ ਕੇ ਜਾਂ ਕਿਸੇ ਲਾਪਰਵਾਹੀ ਕਾਰਨ ਤਬਾਹ ਕੀਤਾ ਗਿਆ ਹੈ, ਨੁਕਸਾਨ ਪਹੁੰਚਾਇਆ ਗਿਆ ਹੈ, ਗਵਾਇਆ ਜਾਂ ਬਦਲਿਆ ਗਿਆ ਹੈ।

> **"ਮਾਪਿਆਂ ਨੂੰ ਇਹ ਹੱਕ ਹੈ ਅਤੇ ਉਨ੍ਹਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਉਨ੍ਹਾਂ ਦੇ ਬੱਚਿਆਂ ਲਈ ਪੜ੍ਹਾਈ ਦੇ ਟੀਚਿਆਂ, ਨੀਤੀਆਂ ਅਤੇ ਸੇਵਾਵਾਂ ਦਾ ਫੈਸਲਾ ਕਰਨ ਦੇ ਅਮਲ ਵਿਚ ਹਿੱਸਾ ਲੈਣ। ਇਹ ਯਕੀਨੀ ਬਣਾਉਣ ਦੀ ਉਨ੍ਹਾਂ ਦੀ ਮੁਢਲੀ ਜ਼ਿੰਮੇਵਾਰੀ ਹੈ ਕਿ ਬੱਚਿਆਂ ਨੂੰ ਤੰਦਰੁਸਤ ਅਤੇ ਸਹਾਇਤਾਕਾਰੀ ਮਾਹੌਲ ਪ੍ਰਦਾਨ ਕੀਤਾ ਜਾ ਰਿਹਾ ਹੈ ਜਿਸ ਦੀ ਉਨ੍ਹਾਂ ਨੂੰ ਸਿੱਖਣ ਲਈ ਲੋੜ ਹੈ। ਉਨ੍ਹਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਕੂਲ ਸਿਸਟਮ ਦੇ ਟੀਚਿਆਂ ਨੂੰ ਰੂਪ ਦੇਣ ਅਤੇ ਉਨ੍ਹਾਂ ਦੀ ਹਿਮਾਇਤ ਕਰਨ ਅਤੇ ਆਪਣੇ ਬੱਚੇ ਨੂੰ ਪੜ੍ਹਾਉਣ ਦੇ ਕੰਮ ਵਿਚ ਹਿੱਸਾ ਪਾਉਣ।"**
>
> ***ਬੀ ਸੀ ਮਨਿਸਟਰੀ ਆਫ ਐਜੂਕੇਸ਼ਨ***
> ***ਪੜ੍ਹਾਈ ਦੀ ਨੀਤੀ ਆਰਡਰ ਦਾ ਬਿਆਨ***

> "ਵਿਦਿਆਰਥੀਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੀਆਂ ਯੋਗਤਾਵਾਂ ਮੁਤਾਬਕ ਉੱਚ ਪੱਧਰ ਦੀ ਪੜ੍ਹਾਈ ਦੇ ਮੌਕਿਆਂ ਦਾ ਲਾਭ ਲੈਣ, ਆਪਣੀ ਪੜ੍ਹਾਈ ਦੇ ਪ੍ਰੋਗਰਾਮਾਂ ਨੂੰ ਰੂਪ ਦੇਣ ਵਿਚ ਅਤੇ ਆਪਣੇ ਕੈਰੀਅਰ ਅਤੇ ਪੇਸ਼ਾਵਰ ਟੀਚਿਆਂ ਦਾ ਫੈਸਲਾ ਕਰਨ ਦੇ ਮੌਕੇ ਵਿਚ ਹਿੱਸਾ ਪਾਉਣ। ਉਨ੍ਹਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਮਿਲਣ ਵਾਲੇ ਮੌਕਿਆਂ ਦਾ ਵੱਧ ਤੋਂ ਵੱਧ ਫਾਇਦਾ ਲੈਣ, ਦੂਜਿਆਂ ਦੇ ਹੱਕਾਂ ਦਾ ਸਤਿਕਾਰ ਕਰਨ ਅਤੇ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਸਾਥੀ ਵਿਦਿਆਰਥੀਆਂ ਨਾਲ ਸਹਿਯੋਗ ਕਰਨ।"
>
> **ਬੀ ਸੀ ਮਨਿਸਟਰੀ ਆਫ ਐਜੂਕੇਸ਼ਨ**
> ***ਪੜ੍ਹਾਈ ਦੀ ਨੀਤੀ ਆਰਡਰ ਦਾ ਬਿਆਨ***

*ਵਿਦਿਆਰਥੀਆਂ ਨੂੰ:*

- ✓ 5 ਸਾਲ ਤੋਂ ਲੈ ਕੇ 19 ਸਾਲ ਦੀ ਉਮਰ ਤੱਕ ਪੜ੍ਹਾਈ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਦਾ ਹੱਕ ਹੈ
- ✓ ਵਿਦਿਆਰਥੀਆਂ ਦੀ ਘੱਟੋ ਘੱਟ 16 ਸਾਲ ਦੀ ਉਮਰ ਤੱਕ ਪੜ੍ਹਾਈ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਦੀ ਜ਼ਿੰਮੇਵਾਰੀ ਹੈ
- ✓ ਵਿਦਿਆਰਥੀਆਂ ਦੀ ਸਕੂਲ ਦੇ ਨਿਯਮਾਂ, ਨੀਤੀਆਂ ਅਤੇ ਆਚਰਣ ਦੇ ਨਿਯਮਾਂ ਮੁਤਾਬਕ ਚੱਲਣ ਦੀ ਜ਼ਿੰਮੇਵਾਰੀ ਹੈ
- ✓ ਉਨ੍ਹਾਂ ਨੂੰ ਸਕੂਲ ਦੇ ਨਿਯਮਾਂ, ਨੀਤੀਆਂ, ਅਤੇ ਆਚਰਣ ਦੇ ਨਿਯਮਾਂ ਨੂੰ ਮੰਨਣ ਤੋਂ ਨਾਂਹ ਕਰਨ ਤੇ ਸਕੂਲ ਤੋਂ ਹਟਾਇਆ ਜਾ ਸਕਦਾ ਹੈ ਪਰ 16 ਸਾਲ ਦੀ ਉਮਰ ਤੱਕ ਉਨ੍ਹਾਂ ਨੂੰ ਸਕੂਲ ਤੋਂ ਹਟਾਏ ਹੋਣ ਦੌਰਾਨ ਪੜ੍ਹਾਈ ਦਾ ਪ੍ਰੋਗਰਾਮ ਦਿੱਤੇ ਜਾਣਾ ਜ਼ਰੂਰੀ ਹੈ
- ✓ 16 ਸਾਲ ਤੋਂ ਜ਼ਿਆਦਾ ਉਮਰ ਦਾ ਵਿਦਿਆਰਥੀ ਜੇ ਸਕੂਲ ਦੇ ਨਿਯਮਾਂ, ਨੀਤੀਆਂ ਅਤੇ ਆਚਰਣ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦਾ, ਜਾਂ ਆਪਣੀ ਪੜ੍ਹਾਈ ਨਹੀਂ ਕਰਦਾ ਤਾਂ ਉਸ ਨੂੰ ਪੜ੍ਹਾਈ ਦਾ ਪ੍ਰੋਗਰਾਮ ਦੇਣ ਤੋਂ ਨਾਂਹ ਕੀਤੀ ਜਾ ਸਕਦੀ ਹੈ
- ✓ ਆਪਣੇ ਪੜ੍ਹਾਈ ਦੇ ਪ੍ਰੋਗਰਾਮ ਬਾਰੇ ਅਧਿਆਪਕ ਜਾਂ ਪ੍ਰਿੰਸੀਪਲ ਨਾਲ ਸਲਾਹ-ਮਸ਼ਵਰਾ ਕਰਨ ਦਾ ਹੱਕ ਹੈ
- ✓ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਦਾ ਹੱਕ ਹੈ ਜਿਹੜਾ ਉਨ੍ਹਾਂ ਦੀ ਪੜ੍ਹਾਈ, ਸਿਹਤ ਜਾਂ ਸੁਰੱਖਿਆ ਤੇ ਮਹੱਤਵਪੂਰਨ ਅਸਰ ਪਾਉਂਦਾ ਹੈ
- ✓ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਾਪਿਆਂ ਦੇ ਨਾਲ ਜਾਂ ਉਨ੍ਹਾਂ ਤੋਂ ਅਲੱਗ ਸਕੂਲ ਬੋਰਡ ਦੀ ਕਿਸੇ ਵੀ ਉਸ ਜਾਇਦਾਦ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਜਿਸ ਨੂੰ ਜਾਣ-ਬੁੱਝ ਕੇ ਜਾਂ ਕਿਸੇ ਲਾਪਰਵਾਹੀ ਕਾਰਨ ਤਬਾਹ ਕੀਤਾ ਗਿਆ ਹੈ, ਨੁਕਸਾਨ ਪਹੁੰਚਾਇਆ ਗਿਆ ਹੈ, ਗਵਾਇਆ ਜਾਂ ਬਦਲਿਆ ਗਿਆ ਹੈ।

> *ਹੋਰ ਹੱਕ ਜਿਹੜੇ ਵਿਦਿਆਰਥੀਆਂ ਤੇ ਲਾਗੂ ਹੁੰਦੇ ਹਨ:*
> - ✓ *ਆਦਰ ਅਤੇ ਮਾਣ ਨਾਲ ਵਰਤਾਉ ਹੋਣ ਦਾ ਹੱਕ*
> - ✓ *ਬਦਸਲੂਕੀ ਅਤੇ ਅਣਗਿਹਲੀ ਤੋਂ ਮੁਕਤ ਰਹਿਣ ਦਾ ਹੱਕ*
> - ✓ *ਆਪਣੇ ਹੱਕਾਂ ਬਾਰੇ ਜਾਣਨ ਦਾ ਹੱਕ ਅਤੇ ਇਹ ਜਾਣਨ ਦਾ ਹੱਕ ਕਿ ਉਨ੍ਹਾਂ ਤੱਕ ਪਹੁੰਚ ਕਿਵੇਂ ਕਰਨੀ ਹੈ*
> - ✓ *ਸੁਣੇ ਜਾਣ ਦਾ ਹੱਕ ਅਤੇ ਆਪਣੇ ਵਿਚਾਰਾਂ ਨੂੰ ਧਿਆਨ ਨਾਲ ਵਿਚਾਰੇ ਜਾਣ ਦਾ ਹੱਕ*
> - ✓ *ਉਨ੍ਹਾਂ ਫੈਸਲਿਆਂ ਬਾਰੇ ਜਾਣਕਾਰੀ ਲੈਣ ਦਾ ਹੱਕ ਜਿਹੜੇ ਉਨ੍ਹਾਂ ਤੇ ਅਸਰ ਪਾਉਂਦੇ ਹਨ।*

*ਬੀ ਸੀ ਸਕੂਲ ਐਕਟ*, ਮਨਿਸਟਰੀਅਲ ਆਰਡਰਜ਼ ਐਂਡ ਰੈਗੂਲੇਸ਼ਨਜ਼ ਵਿਚ ਦਿੱਤੇ ਗਏ ਹੱਕਾਂ ਅਤੇ ਜ਼ਿੰਮੇਵਾਰੀਆਂ ਤੋਂ ਇਲਾਵਾ, ਬੱਚਿਆਂ ਅਤੇ ਜਵਾਨਾਂ ਕੋਲ ਹੋਰ ਵੀ ਅਜਿਹੇ ਹੱਕ ਹਨ ਜਿਹੜੇ ਹੋਰ ਸੂਬਾਈ ਅਤੇ ਫੈਡਰਲ ਕਾਨੂੰਨਾਂ, *ਬੱਚਿਆਂ ਦੇ ਹੱਕਾਂ ਬਾਰੇ ਯੂ ਐੱਨ ਕਨਵੈਨਸ਼ਨ* ਅਤੇ ਕੁਦਰਤੀ ਇਨਸਾਫ ਦੇ ਸਿਧਾਂਤਾਂ ਰਾਹੀਂ ਲਾਗੂ ਹੁੰਦੇ ਹਨ।

> " **ਸਿੱਖਣ ਦੇ ਸੁਰੱਖਿਅਤ ਅਤੇ ਬਾਜ਼ਾਬਤਾ ਮਾਹੌਲ ਲਈ ਨਿਯਮ ਜ਼ਰੂਰੀ ਹਨ ਅਤੇ ਇਹ ਵਿਦਿਆਰਥੀ ਦੇ ਵਤੀਰੇ ਨੂੰ ਘੜਣ ਲਈ ਵੀ ਮਹੱਤਵਪੂਰਨ ਹਨ। ਸਕੂਲ ਐਕਟ (ਸੈਕਸ਼ਨ 76(2)) ਹਰ ਸਕੂਲ ਤੋਂ "ਉੱਚੇ ਸਦਾਚਾਰ" ਨੂੰ ਦ੍ਰਿੜਾਉਣ ਦੀ ਮੰਗ ਕਰਦਾ ਹੈ; ਵਤੀਰੇ ਸਬੰਧੀ ਨਿਯਮ ਅਤੇ ਕੋਡ, ਇਸ ਫਰਜ਼ ਨੂੰ ਨਿਭਾਉਣ ਲਈ ਸਕੂਲ ਦੇ ਇਕ ਮੁੱਖ ਸਾਧਨ ਹਨ।**"
>
> ***ਕੀਪਿੰਗ ਸਕੂਲਜ਼ ਸੇਫ:ਏ ਪ੍ਰੈਕਟੀਕਲ ਗਾਈਡ ਫਾਰ ਪ੍ਰਿੰਸੀਪਲਜ਼ ਐਂਡ ਵਾਈਸ-ਪ੍ਰਿੰਸੀਪਲਜ਼***
> **ਸਫਾ** 89

ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ, ਪ੍ਰਿੰਸੀਪਲਾਂ ਅਤੇ ਬੋਰਡਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, *ਬਿਲਡਿੰਗ ਪਾਰਟਨਰਸ਼ਿਪ ਇਨ ਸਕੂਲਜ਼* ਨਾਂ ਦੀ ਕਿਤਾਬ ਦੇਖੋ ਜੋ ਕਿ ਬੀ ਸੀ ਸੀ ਪੀ ਏ ਸੀ, ਬੀ ਸੀ ਪ੍ਰਿੰਸੀਪਲਜ਼ ਐਂਡ ਵਾਈਸ ਪ੍ਰਿੰਸੀਪਲਜ਼ ਐਸੋਸੀਏਸ਼ਨ ਅਤੇ ਬੀ ਸੀ ਟੀਚਰਜ਼ ਫਡਰੇਸ਼ਨ ਵਲੋਂ 1996 ਵਿਚ ਛਾਪੀ ਗਈ ਸੀ। ਤੁਸੀਂ ਇਸ ਦੀ ਕਾਪੀ ਆਪਣੇ ਸਕੂਲ ਦੀ ਪੀ ਏ ਸੀ, ਪ੍ਰਿੰਸੀਪਲ ਜਾਂ ਜਿਲ੍ਹੇ ਤੋਂ ਲੈ ਸਕਦੇ ਹੋ ਜਾਂ ਤੁਸੀਂ ਇਸ ਦੀ ਇਕ ਕਾਪੀ ਬੀ ਸੀ ਸੀ ਪੀ ਏ ਸੀ ਦੇ ਦਫਤਰ ਤੋਂ ਖਰੀਦ ਸਕਦੇ ਹੋ।*ਬੀ ਸੀ ਸਕੂਲ ਐਕਟ*, ਰੈਗੂਲੇਸ਼ਨਜ਼ ਅਤੇ ਮਨਿਸਟਰੀਅਲ ਆਰਡਰਜ਼ ਤੁਹਾਡੇ ਸਕੂਲ ਜਿਲ੍ਹੇ ਤੋਂ ਵੀ ਮਿਲ ਸਕਦੇ ਹਨ ਜਾਂ ਮਨਿਸਟਰੀ ਆਫ ਐਜੂਕੇਸ਼ਨ ਤੋਂ ਲਏ ਜਾ ਸਕਦੇ ਹਨ। (ਇਸ ਗਾਈਡ ਦਾ ਸਫਾ 17 ਦੇਖੋ)

# ਸਿਫਾਰਸ਼ ਕੀਤੀਆਂ ਕਿਤਾਬਾਂ ਅਤੇ ਵੀਡਿਓ


ਬੀ ਸੀ ਸੀ ਪੀ ਏ ਸੀ, *Speaking up! A parent guide to advocating for students in public schools. 1999.*

ਬੀ ਸੀ ਸੀ ਪੀ ਏ ਸੀ ਅਤੇ ਓਪਨ ਸਕੂਲ। *Speaking up! Parents Advocating for Students in Public Schools.* ਵੀਡਿਓ। *1999*

ਬੀ ਸੀ ਸੀ ਪੀ ਏ ਸੀ, ਬੀ ਸੀ ਪ੍ਰਿੰਸੀਪਲਜ਼ ਐਂਡ ਵਾਈਸ-ਪ੍ਰਿੰਸੀਪਲਜ਼ ਐਸੋਸੀਏਸ਼ਨ ਅਤੇ ਬੀ ਸੀ ਟੀਚਰਜ਼ ਫਡਰੇਸ਼ਨ। *Building Partnerships in Schools: A Handbook. 1996*

ਬੀ ਸੀ ਮਨਿਸਟਰੀ ਆਫ ਅਬਰਿਜਨਲ ਅਫੇਅਰਜ਼। *A Guide to Aboriginal Organizations and Services in British Columbia.* 2000.

ਬੀ ਸੀ ਮਨਿਸਟਰੀ ਆਫ ਐਜੂਕੇਸ਼ਨ। *Focus on Suspension. A Resource for Schools.* 1999.

ਬੀ ਸੀ ਮਨਿਸਟਰੀ ਆਫ ਐਜੂਕੇਸ਼ਨ। *Helping our kids live violence free: A parent's guide (for students in grades 8 to 12).* 1999.

ਬੀ ਸੀ ਮਨਿਸਟਰੀ ਆਫ ਐਜੂਕੇਸ਼ਨ, *Performance Standards-Social Responsibility.* ਇੰਟਰਨੈੱਟ ਤੇ www.bced.gov.bc.ca/classroom_assessment/perf_stands/social_resp.htm

ਬੀ ਸੀ ਮਨਿਸਟਰੀ ਆਫ ਐਜੂਕੇਸ਼ਨ ਅਤੇ ਬੀ ਸੀ ਮਨਿਸਟਰੀ ਆਫ ਪਬਲਿਕ ਸੇਫਟੀ ਅਤੇ ਸੋਲਿਸਟਰ ਜਨਰਲ। *Focus on Harassment and Intimidation: Responding to Bullying in Secondary School Communities. 2001*

ਮਨਿਸਟਰੀ ਆਫ ਐਜੂਕੇਸ਼ਨ ਦੀਆਂ ਲਿਖਤਾਂ ਦੀ ਇਕ ਲਿਸਟ ਇਸ ਵੈੱਬਸਾਈਟ ਤੇ ਦੇਖੀ ਜਾ ਸਕਦੀ ਹੈ: http://www.bced.gov.bc.ca/publications.htm. ਇਸ ਲਿਸਟ ਵਿਚ ਅਜਿਹੇ ਵਸੀਲੇ ਦਰਜ ਹਨ: *Special Education Services: A Manual of Policies, Procedures and Guidelines, Parent's Guide to Individual Education Planning (IEP), Manual of School Law, K-12 Policy Manual for BC Schools.*

ਬੀ ਸੀ ਮਨਿਸਟਰੀ ਆਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ, ਕਮਿਉਨਟੀ ਪ੍ਰੋਗਰਾਮਜ਼ ਡਿਵੀਜ਼ਨ। *Taking A Stand. 2nd Edition.* 1998.

ਬੀ ਸੀ ਮਨਿਸਟਰੀ ਆਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ ਅਤੇ ਮਨਿਸਟਰੀ ਆਫ ਐਜੂਕੇਸ਼ਨ। *Safe School Planning Guide.* 1999 (ਸੋਧਿਆ ਅਡੀਸ਼ਨ 2003 ਦੀ ਪੱਤਝੜ ਤੋਂ ਮਿਲਦਾ ਹੈ)।

ਬੀ ਸੀ ਪ੍ਰਿੰਸੀਪਲਜ਼ ਐਂਡ ਵਾਈਸ-ਪ੍ਰਿੰਸੀਪਲਜ਼ ਐਸੋਸੀਏਸ਼ਨ ਅਤੇ ਬੀ ਸੀ ਸਕੂਲ ਟਰੱਸਟੀਜ਼ ਐਸੋਸੀਏਸ਼ਨ। *Keeping Schools Safe: A practical guide for principals and vice-principals,* ਬੀ ਸੀ ਦੇ ਸੁਰੱਖਿਅਤ ਸਕੂਲ ਉੱਦਮ ਦੇ ਇਕ ਹਿੱਸੇ ਵਜੋਂ, ਜੂਨ 1999.

ਕਲਾਰਕ, ਜੁਡਿਥ ਏ. ਅਤੇ ਨਿਕੋਲਸ, ਐਲਨ ਸੀ. *A Guide to Schools Legislation in British Columbia. 2nd Edition.* ਇਡੂਸਰਵ. ਇੰਕ. 1999.

ਬੀ ਸੀ ਓਮਬਡਜ਼ਮੈਨ ਦਾ ਦਫਤਰ। *Fair Schools Public Report No. 35.* ਮਈ 1995.

ਰੌਕ ਸੌਲਿਡ ਫਾਊਂਡੇਸ਼ਨ ਐਂਡ ਯੂਥ ਐਂਡ ਸੁਸਾਇਟੀ ਰੀਸਰਚ ਯੂਨਿਟ ਆਫ ਦਾ ਯੂਨੀਵਰਸਿਟੀ ਆਫ ਵਿਕਟੋਰੀਆ। *Rock Solid Children, Youth and Adults: Creating a Responsive Environment for the Prevention of Youth Violence.* ਵੀਡਿਓ। 1999.

ਰੋਹਰ, ਏਰਿਕ ਐੱਮ. *An Educator's Guide to Violence in Schools.* ਕੈਨੇਡਾ ਲਾਅ ਬੁੱਕ ਇੰਕ. 1997.

ਸੇਡੋਨ, ਸਿੰਡੀ, ਮੈਕਲੈਲਨ, ਐਲੀਸਨ ਅਤੇ ਲਾਜੋਈ, ਗਿਸਲੇ। *How Parents Can Take Action Against Bullying.* ਬੁਲੀ ਬੀ ਵੇਅਰ ਪ੍ਰੋਡਕਸ਼ਨਜ਼, ਹੈਮਲੌਕ ਪਰੈੱਸ. 2000.

ਯੂ ਐੱਸ ਡਿਪਾਰਟਮੈਂਟ ਆਫ ਐਜੂਕੇਸ਼ਨ, ਆਫਿਸ ਆਫ ਸਿਵਲ ਰਾਈਟਸ ਐਂਡ ਨੈਸ਼ਨਲ ਐਸੋਸੀਏਸ਼ਨ ਆਫ ਅਟਾਰਨੀਜ਼ ਜਨਰਲ, ਬੀਆਸ ਕਰਾਈਮਜ਼ ਟਾਸਕ ਫੋਰਸ. *Protecting Students from Harassment and Hate Crime. A Guide for Schools.* ਜਨਵਰੀ, 1999.

# ਹੋਰ ਵਸੀਲੇ

ਅਫਿਲੀਏਸ਼ਨ ਆਫ ਮਲਟੀਕਲਚਰਲ ਸੁਸਾਇਟੀਜ਼ ਐਂਡ ਸਰਵਿਸ ਏਜੰਸੀਜ਼ (ਏ ਐੱਮ ਐੱਸ ਐੱਸ ਏ): ਜੋ ਕਿ ਗੈਰ-ਪੱਖਪਾਤੀ, ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ, ਸੂਬੇ ਭਰ ਵਿਚ 85 ਬਹੁਸਭਿਆਚਾਰਕ ਅਤੇ ਇਮੀਗਰਾਂਟਾਂ ਨੂੰ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਅਤੇ ਸੰਬੰਧਿਤ ਸੰਸਥਾਵਾਂ ਦੀ ਇਕ ਛਤਰੀ-ਨੁਮਾ ਸੰਸਥਾ ਹੈ। ਬਹੁਸਭਿਆਚਾਰਕ ਅਤੇ ਇਮੀਗਰਾਂਟਾਂ ਨੰ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਦੀ ਇਕ ਡਾਇਰੈਕਟਰੀ ਛਾਪਦੀ ਹੈ। (604) 718-2777 ਤੇ ਫੋਨ ਕਰੋ, ਫੈਕਸ (604) 298-0747, ਈਮੇਲ: amssa@amssa.org, ਵੈੱਬਸਾਈਟ: http://www.amssa.org

ਬੀ ਸੀ ਹਿਊਮਨ ਰਾਈਟਸ ਕਮਿਸ਼ਨ: ਵਿਤਕਰੇ ਦੀਆਂ ਸ਼ਿਕਾਇਤਾਂ ਦੀ ਪੜਤਾਲ ਕਰਦਾ ਹੈ ਅਤੇ ਵਿਚੋਲਗੀ ਕਰਦਾ ਹੈ ਅਤੇ ਮਨੁੱਖੀ ਅਧਿਕਾਰਾਂ ਦੇ ਕੋਡ ਦੀ ਪਾਲਣਾ ਨੂੰ ਉਤਸ਼ਾਹ ਦਿੰਦਾ ਹੈ।
ਵਿਕਟੋਰੀਆ ਵਿਚ: (250) 387-3710, ਫੈਕਸ: (250) 387-3643
ਵੈਨਕੂਵਰ ਵਿਚ: (604) 660-6811, ਫੈਕਸ: (604) 660-0195
ਬੀ ਸੀ ਵਿਚ ਹੋਰ ਕਿਤਿਉਂ ਵੀ ਮੁਫਤ ਫੋਨ: 1-800-663-0876
ਬੋਲਿਆਂ ਲਈ ਟੈਲੀਫੋਨ (ਟੀ ਡੀ ਡੀ):
ਵੈਨਕੂਵਰ ਵਿਚ: (604) 660-2252; ਵਿਕਟੋਰੀਆ ਵਿਚ: (250) 953-4911

ਬੀ ਸੀ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ: ਸੂਬੇ ਦੇ ਹਰ ਇਲਾਕੇ ਵਿਚ ਇਕ ਦਫਤਰ ਹੈ ਜਿਹੜਾ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਵਜੇ ਤੋਂ ਲੈ ਕੇ 4:30 ਵਜੇ ਤੱਕ ਖੁਲ੍ਹਦਾ ਹੈ। ਤੁਹਾਡੇ ਇਲਾਕੇ ਦੇ ਦਫਤਰ ਬਾਰੇ ਜਾਣਕਾਰੀ ਫੋਨ ਬੁੱਕ ਦੇ ਨੀਲੇ ਪੰਨਿਆਂ ਤੇ ਦਰਜ ਹੈ। ਲੋੜਵੰਦ ਜਾਂ ਸੰਕਟ ਵਿਚਲੇ ਬੱਚਿਆਂ ਅਤੇ ਪਰਿਵਾਰਾਂ ਲਈ ਮਨਿਸਟਰੀ ਕਈ ਤਰ੍ਹਾਂ ਦੀਆਂ ਸੇਵਾਵਾਂ ਦਿੰਦੀ ਹੈ। ਸ਼ੱਕੀ ਸਰੀਰਕ ਜਾਂ ਕਾਮੁਕ ਬੁਰੇ ਵਰਤਾਉ, ਜਾਂ ਕਾਮਕ ਸ਼ੋਸ਼ਣ ਦੀ ਰਿਪੋਰਟ ਕਰਨ ਲਈ ਆਪਣੇ ਫੋਨ ਤੇ 0 ਦਬਾਉ ਅਤੇ ਓਪਰੇਟਰ ਤੋਂ ਬੀ ਸੀ ਚਿਲਡਰਨਜ਼ ਹੈਲਪ ਲਾਈਨ ਮੰਗੋ ਜਾਂ 1-800-663-9122 ਤੇ ਫੋਨ ਕਰੋ ਜਾਂ ਟੀ ਟੀ ਵਾਈ 1-800-667-4770. ਮਨਿਸਟਰੀ ਦਾ ਵੈੱਬਸਾਈਟ ਹੈ: http://www.mcf.gov.bc.ca

ਬੀ ਸੀ ਮਨਿਸਟਰੀ ਆਫ ਕਮਿਊਨਟੀ, ਅਬਰਿਜਨਲ ਐਂਡ ਵਿਮਨਜ਼ ਸਰਵਿਸਿਜ਼: ਬਹੁਸਭਿਆਚਾਰਵਾਦ ਅਤੇ ਐਂਟੀ ਨਸਲੀ-ਵਿਤਕਰੇ ਨਾਲ ਸੰਬੰਧਿਤ ਵਿਸ਼ਿਆਂ ਅਤੇ ਵਸੀਲਿਆਂ ਬਾਰੇ ਪੁੱਛਾਂ ਦਾ ਜਵਾਬ ਦਿੰਦੀ ਹੈ; ਛੇ ਜ਼ਬਾਨਾਂ ਵਿਚ *ਬ੍ਰਿਟਿਸ਼ ਕੋਲੰਬੀਆ ਵਿਚ ਨਵੇਂ ਆਇਆਂ ਲਈ ਗਾਈਡ* ਛਾਪਦੀ ਹੈ, ਜੋ ਕਿ ਬੀ ਸੀ ਵਿਚ ਨਸਲੀ-ਸਭਿਆਚਾਰਕ, ਬਹੁਸਭਿਆਚਾਰਕ ਅਤੇ ਇਮੀਗਰਾਂਟਾਂ ਨੂੰ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਦੀ ਇਕ ਡਾਇਰੈਕਟਰੀ ਹੈ, ਸਕੂਲਜ਼ ਰਿਸਪੌਂਡਿੰਗ ਟੂ ਰੇਸਿਜ਼ਮ: ਗਾਈਡ ਫਾਰ ਪੇਰੇਂਟਸ। ਫੋਨ: (604) 660-2203, ਫੈਕਸ: (604) 660-1150

ਬੀ ਸੀ ਪੇਰੇਂਟਸ ਇਨ ਕਰਾਈਸਿਸ ਸੁਸਾਇਟੀ: ਸੂਬੇ ਭਰ ਵਿਚ ਵੱਖ ਵੱਖ ਇਲਾਕਿਆਂ ਵਿਚ ਵੱਖ ਵੱਖ ਜ਼ਬਾਨਾਂ ਵਿਚ *ਪੇਰੇਂਟ ਸਪੋਰਟ ਸਰਕਲਜ਼* ਪੇਸ਼ ਕਰਦੀ ਹੈ। ਇਹ ਸਰਕਲ ਇਕ ਸੁਰੱਖਿਅਤ ਮਾਹੌਲ ਪ੍ਰਦਾਨ ਕਰਦੇ ਹਨ ਜਿੱਥੇ ਹਿੱਸਾ ਲੈਣ ਵਾਲੇ ਆਪਣੀ ਨਿਰਾਸ਼ਾ ਸਾਂਝੀ ਕਰ ਸਕਦੇ ਹਨ ਅਤੇ ਗੱਲਬਾਤ ਸੁਧਾਰਨ, ਸਮੱਸਿਆਵਾਂ ਦਾ ਹੱਲ ਕਰਨ ਅਤੇ ਮਾਪੇਪੁਣੇ ਦੇ ਹੁਨਰਾਂ ਤੇ ਧਿਆਨ ਕੇਂਦਰਿਤ ਕਰ ਸਕਦੇ ਹਨ। ਫੋਨ: (604) 669-1616, ਫੈਕਸ: (604) 669-1636, ਮੁਫਤ ਲਾਈਨ: 1-800-665-6880

ਬੀ ਸੀ ਸੇਫ ਸਕੂਲਜ਼ ਐਂਡ ਕਮਿਊਨਟੀਜ਼ ਸੈਂਟਰ: ਜਾਣਕਰੀ, ਵਸੀਲਿਆਂ, ਟਰੇਨਿੰਗ, ਅਗਾਂਹ ਭੇਜਣ ਅਤੇ ਕਾਮਯਾਬ ਅਮਲਾਂ ਦੀਆਂ ਉਦਾਹਰਣਾਂ ਦਾ ਇਕ ਕੇਂਦਰੀ ਵਸੀਲਾ ਜੋ ਕਿ ਸੁਰੱਖਿਅਤ ਸਕੂਲ ਅਤੇ ਕਮਿਊਨਟੀ ਦੇ ਮਸਲਿਆਂ ਬਾਰੇ ਗੱਲ ਕਰਦਾ ਹੈ ਜਿਸ ਵਿਚ ਧੱਕੇਸ਼ਾਹੀ ਅਤੇ ਹਿੰਸਾ ਦੀ ਰੋਕਥਾਮ ਸ਼ਾਮਲ ਹਨ। ਇਹ ਸੈਂਟਰ ਬੀ ਸੀ ਭਰ ਵਿਚ ਜਵਾਨਾਂ, ਮਾਪਿਆਂ, ਅਧਿਆਪਕਾਂ, ਪੁਲੀਸ, ਜਵਾਨਾਂ ਨੂੰ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਅਤੇ ਕਮਿਊਨਟੀ ਦੇ ਮੈਂਬਰਾਂ ਦੀ ਸੇਵਾ ਕਰਦਾ ਹੈ। ਇਹ ਸੈਂਟਰ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਵਜੇ ਤੋਂ ਲੈ ਕੇ 4:30 ਵਜੇ ਤੱਕ ਖੁਲ੍ਹਦਾ ਹੈ। ਬੀ ਸੀ ਵਿਚ ਮੁਫਤ ਫੋਨ ਕਰੋ: 1-888-224-SAFE (7233)। ਵੈੱਬਸਾਈਟ: www.safeschools.gov.bc.ca

ਬੋਆਇਜ਼ ਐਂਡ ਗਰਲਜ਼ ਕਲੱਬ: ਜਿਨ੍ਹਾਂ ਮਾਪਿਆਂ ਦੇ ਆਪਣੇ ਜਵਾਨ ਧੀਆਂ-ਪੁੱਤਾਂ ਨਾਲ ਮੱਤਭੇਦ ਹਨ, ਉਨ੍ਹਾਂ ਮਾਪਿਆਂ ਲਈ ਸਵੈ-ਮਦਦ ਲਈ ਸਹਾਇਤਾ ਦਾ ਪ੍ਰੋਗਰਾਮ *ਪੇਰੇਂਟਸ ਟੁਗੈਦਰ* ਨਾਂ ਦਾ ਪ੍ਰੋਗਰਾਮ ਪੇਸ਼ ਕਰਦਾ ਹੈ।

ਇਨਕੁਆਰੀ ਬੀ ਸੀ: ਸਹੀ ਮਨਿਸਟਰੀ ਜਾਂ ਸਰਕਾਰੀ ਸੰਸਥਾ ਕੋਲ ਆਪਣੀ ਫੋਨ ਇਨਕੁਆਰੀ ਪਹੁੰਚਾਉਣ ਵਿਚ ਸਹਾਇਤਾ ਲਈ ਫੋਨ ਕਰੋ।
ਵਿਕਟੋਰੀਆ ਵਿਚ: (250) 387-6121
ਵੈਨਕੂਵਰ ਵਿਚ: (604) 660-2421
ਬੀ ਸੀ ਵਿਚ ਹੋਰ ਕਿਤਿਉਂ ਵੀ, ਮੁਫਤ ਫੋਨ: 1-800-663-7867
ਬੋਲਿਆਂ ਲਈ ਟੈਲੀਫੋਨ ਲਾਈਨ (ਟੀ ਡੀ ਡੀ):
ਵੈਨਕੂਵਰ ਵਿਚ: (604) 775-0303; ਹੋਰ ਕਿਤਿਉਂ ਵੀ ਮੁਫਤ ਫੋਨ: 1-800-661-8773
ਇਨਕੁਆਰੀ ਸੈਂਟਰ ਖੁਲ੍ਹਣ ਦਾ ਸਮਾਂ: ਸਵੇਰ ਦੇ 8 ਵਜੇ ਤੋਂ 5 ਵਜੇ ਤੱਕ, ਸੋਮਵਾਰ ਤੋਂ ਸ਼ੁਕਰਵਾਰ ਤੱਕ

ਫੈਮਿਲੀਜ਼ ਐਜ਼ ਸਪੋਰਟ ਟੀਮਜ਼ ਸੁਸਾਇਟੀ (ਫਾਸਟ) : ਬਹੁ-ਪੀੜ੍ਹੀਆਂ ਲਈ ਸਵੈ-ਮਦਦ ਕਰਨ ਵਾਲੇ ਸਹਾਇਤਾ ਗਰੁੱਪ ਪ੍ਰਦਾਨ ਕਰਦੀ ਹੈ; ਬੱਚਿਆਂ, ਜਵਾਨਾਂ, ਪਤੀਆਂ/ਪਤਨੀਆਂ ਅਤੇ ਬਜ਼ੁਰਗਾਂ ਨੂੰ ਬਹੁ-ਸਭਿਆਚਾਰ, ਬਹੁ-ਪਰਿਵਾਰ ਵਜੋਂ ਇਕੱਠੇ ਕਰਕੇ ਹਿੰਸਾ, ਬੁਰੇ ਵਰਤਾਉ, ਤਣਾਉ ਅਤੇ ਇਕੱਲਤਾ ਨਾਲ ਸਿੱਝਣ ਵਿਚ ਸਹਾਇਤਾ ਕਰਦੀ ਹੈ; ਰੋਕਥਾਮ ਕਰਨ ਵਾਲੀਆਂ ਅਤੇ ਅਗਾਊਂ ਦਖਲਅੰਦਾਜ਼ੀ ਦੀਆਂ ਜੁਗਤਾਂ ਤੇ ਧਿਆਨ ਦੇ ਕੇ ਪਰਿਵਾਰਕ ਸਬੰਧਾਂ ਅਤੇ ਕਮਿਉਨਟੀ ਨੂੰ ਮਜ਼ਬੂਤ ਕਰਦੀ ਹੈ। ਬੀ ਸੀ ਭਰ ਵਿਚ ਸੇਵਾ ਕਰਦੀ ਹੈ। ਫੋਨ: (604) 299-0005, ਫੈਕਸ: (604) 299-5921

ਫੈਡਰੇਸ਼ਨ ਆਫ ਬੀ ਸੀ ਯੂਥ ਇਨ ਕੇਅਰ ਨੈਟਵਰਕਸ: ਤੁਹਾਡੇ ਇਲਾਕੇ ਵਿਚ ਸੰਭਾਲ ਹੇਠਲੇ ਸਥਾਨਕ ਜਵਾਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਕੋਲੈਕਟ ਕਾਲ ਕਰੋ: (604) 689-3204

ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ (ਐੱਫ ਆਈ ਪੀ ਪੀ ਏ): ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਸਕੂਲ ਜਿਲ੍ਹੇ ਦੇ ਦਫਤਰ ਨਾਲ ਸੰਪਰਕ ਕਰੋ ਅਤੇ ਆਪਣੇ ਜਿਲ੍ਹੇ ਦੇ ਐੱਫ ਆਈ ਪੀ ਪੀ ਏ ਸੰਪਰਕ ਬਾਰੇ ਪੁੱਛੋ, ਜਾਂ ਫੋਨ ਕਰੋ:
Ministry of Education Information and Privacy Office
PO Box 9144, Stn Prov Govt
Victoria, BC V8W 9H1
ਫੋਨ: (250) 356-7508, ਫੈਕਸ: (250) 387-6315, ਜਾਂ
Freedom of Information and Privacy Commissioner
PO Box 9038, Stn Prov. Govt.
Victoria, BC V8W 9A4
ਵਿਕਟੋਰੀਆ ਵਿਚ: (250) 387-5629, ਫੈਕਸ: (250) 387-1696
ਵੈਨਕੂਵਰ ਵਿਚ: (604) 660-2421
ਹੋਰ ਕਿਤਿਉਂ ਵੀ ਮੁਫਤ ਫੋਨ: 1-800-663-7867

ਇਮੀਂਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ: ਇਮੀਂਗਰਾਂਟਾਂ, ਰਫਿਊਜੀਆਂ, ਅਤੇ ਅੰਗਰੇਜ਼ੀ ਨਾ ਬੋਲਣ ਵਾਲੇ ਬੀ ਸੀ ਦੇ ਵਸਨੀਕਾਂ ਲਈ ਜਾਣਕਾਰੀ ਅਤੇ ਸੇਵਾਵਾਂ ਦਾ ਸੈਂਟਰ ਪ੍ਰਦਾਨ ਕਰਦੀ ਹੈ ਅਤੇ ਉਨ੍ਹਾਂ ਦੇ ਕਮਿਉਨਟੀ ਵਿਚ ਵਸੇਬੇ ਅਤੇ ਅਨੁਕੂਲ ਹੋਣ ਵਿਚ ਸਹਾਇਤਾ ਕਰਦੀ ਹੈ। ਫੋਨ: (604) 684-2561, ਫੈਕਸ: (604) 684-2266

ਲਰਨਿੰਗ ਡਿਸਏਬਿਲਟੀਜ਼ ਐਸੋਸੀਏਸ਼ਨ ਆਫ ਬੀ ਸੀ: ਤੁਹਾਡੇ ਇਲਾਕੇ ਵਿਚ ਐੱਲ ਡੀ ਏ ਬੀ ਸੀ ਦੇ ਚੈਪਟਰ ਬਾਰੇ ਜਾਣਕਾਰੀ ਹੈ। ਸਿੱਖਣ ਦੀਆਂ ਖਾਸ ਲੋੜਾਂ ਵਾਲੇ ਵਿਦਿਆਰਥੀਆਂ ਲਈ ਹੋਰ ਵਸੀਲਿਆਂ ਬਾਰੇ ਤੁਹਾਡਾ ਲੋਕਲ ਚੈਪਟਰ ਤੁਹਾਨੂੰ ਜਾਣਕਾਰੀ ਦੇ ਸਕਦਾ ਹੈ।
# 204, 3402 27th Avenue
Vernon, BC V1T 1F1
ਫੋਨ/ਫੈਕਸ: (250) 542-5033, ਈਮੇਲ: lda-vernonbc@home.com

ਪੇਰੇਂਟਸ ਐਂਡ ਫਰਿੰਡਜ਼ ਆਫ ਲੈਜ਼ਬੀਅਨ ਐਂਡ ਗੇਅਜ਼ (ਪੀ ਐੱਫ ਐੱਲ ਏ ਜੀ): ਗੇਅ, ਲੈਜ਼ਬੀਅਨ, ਬਾਇਓਸੈਕਸੂਅਲ ਅਤੇ ਲਿੰਗ ਬਦਲੀ ਵਾਲੇ ਬੱਚਿਆਂ ਦੇ ਮਾਪਿਆਂ ਲਈ ਸਹਾਇਤਾ ਗਰੁੱਪ। ਹੋਮੋਸੈਕਸੂਐਲਟੀ ਬਾਰੇ ਸਿਖਿਆ, ਕਮਿਉਨਟੀ ਵਸੀਲੇ ਪ੍ਰਦਾਨ ਕਰਦਾ ਹੈ ਅਤੇ ਬਰਾਬਰ ਹੱਕਾਂ ਦੀ ਹਿਮਾਇਤ ਕਰਦਾ ਹੈ।
ਵੈਨਕੂਵਰ ਵਿਚ: (604) 421-8084 ਜਾਂ (604) 468-1749
ਵਿਕਟੋਰੀਆ ਵਿਚ: (604) 642-5171, ਈਮੇਲ: PFLAG@gayvictoria.com

ਪੀਪਲਜ਼ ਲਾਅ ਸਕੂਲ: ਇਕ ਆਜ਼ਾਦ, ਬਿਨਾਂ ਮੁਨਾਫੇ ਤੋਂ, ਬਿਨਾਂ ਪੱਖਪਾਤ ਤੋਂ ਕੰਮ ਕਰਨ ਵਾਲੀ ਸੁਸਾਇਟੀ ਹੈ ਜਿਸ ਦਾ ਮਕਸਦ, ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ, ਖਾਸ ਕਰਕੇ ਖਾਸ ਲੋੜਾਂ ਵਾਲੇ ਲੋਕਾਂ ਨੂੰ ਅੰਗਰੇਜ਼ੀ ਅਤੇ ਹੋਰ ਜ਼ਬਾਨਾਂ ਵਿਚ ਨਿਰਪੱਖ ਸੇਵਾਵਾਂ ਦੇਣਾ ਹੈ। ਫੋਨ: (604) 331-5400, ਕੰਮ ਕਾਰ ਵਾਲੇ ਦਿਨਾਂ ਵਿਚ ਸਵੇਰ ਦੇ 9 ਵਜੇ ਤੋਂ 5 ਵਜੇ ਤੱਕ, ਬਾਅਦ ਦੇ ਘੰਟਿਆਂ ਦੌਰਾਨ ਤੁਸੀਂ ਸੁਨੇਹਾ ਛੱਡ ਸਕਦੇ ਹੋ, ਫੈਕਸ: (604) 331-5401, ਈਮੇਲ: staff@publiclegaled.bc.ca, ਵੈੱਬਸਾਈਟ: http://www.publiclegaled.bc.ca/

ਪ੍ਰੋਵਿੰਸ਼ੀਅਲ ਗੇਅ ਐਂਡ ਲੈਜ਼ਬੀਅਨ ਕੌਨਟੈਕਟ ਲਾਈਨ: ਨਿਸ਼ਚਿਤ ਇਲਾਕਿਆਂ ਵਿਚ ਸੇਵਾਵਾਂ ਅਤੇ ਵਸੀਲਿਆਂ ਬਾਰੇ ਜਾਣਕਾਰੀ ਦਿੰਦੀ ਹੈ। ਲਾਈਨ ਤੱਕ ਪਹੁੰਚ ਸੋਮਵਾਰ ਤੋਂ ਛਨਿਚਰਵਾਰ, ਦੁਪਹਿਰ ਦੇ 1:00 ਵਜੇ ਤੋਂ 4:00 ਵਜੇ ਤੱਕ; ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਸ਼ਾਮ ਦੇ 7:00 ਵਜੇ ਤੋਂ 10:00 ਵਜੇ ਤੱਕ। ਹੋਰ ਸਮਿਆਂ ਤੇ ਸੁਨੇਹਾ ਛੱਡਿਆ ਜਾ ਸਕਦਾ ਹੈ। "ਪ੍ਰਾਈਡਲਾਈਨ ਬੀ ਸੀ" ਮੁਫਤ ਫੋਨ: 1-800-566-1170

ਯੂਥ ਅਗੇਨਸਟ ਵਇਲੈਂਸ ਲਾਈਨ: ਜਵਾਨਾਂ ਲਈ ਜਾਣਕਾਰੀ ਦੇਣ, ਜੁਰਮ ਰੋਕਣ ਜਾਂ ਸਹਾਇਤਾ ਮੰਗਣ ਦਾ ਇਕ ਸੁਰੱਖਿਅਤ, ਗੁਪਤ ਤਰੀਕਾ। ਨੰਬਰ (ਬੀ ਸੀ ਵਿਚ) ਹੈ 1-800-680-4264. ਯੂਥ ਅਗੇਨਸਟ ਵਇਲੈਂਸ ਲਾਈਨ ਸੁਰੱਖਿਅਤ ਈ-ਮੇਲ ਰਾਹੀਂ ਇੰਟਰਨੈੱਟ ਤੇ ਵੀ ਮੌਜੂਦ ਹੈ ਜਿਸ ਦਾ ਐਡਰੈਸ ਹੈ: http://www.takingastand.com

## ਬੀ ਸੀ ਕੌਨਫੈਡਰੇਸ਼ਨ ਆਫ ਪੇਰੇਂਟ ਅਡਵਾਈਜ਼ਰੀ ਕੌਂਸਲਜ਼ (ਬੀ ਸੀ ਸੀ ਪੀ ਏ ਸੀ)

ਬੀ ਸੀ ਸੀ ਪੀ ਏ ਸੀ ਸੂਬਾਈ ਪੱਧਰ ਤੇ ਮਾਪਿਆਂ ਦੀ ਆਵਾਜ਼ ਨੂੰ ਯਕੀਨੀ ਬਣਾਉਂਦੀ ਹੈ ਅਤੇ ਆਪਣੇ ਸਕੂਲਾਂ ਅਤੇ ਜਿਲ੍ਹਿਆਂ ਵਿਚ ਪੀ ਏ ਸੀਜ਼ ਅਤੇ ਡੀ ਪੀ ਏ ਸੀਜ਼ ਨੂੰ ਸਲਾਹਕਾਰਾਂ ਦੇ ਤੌਰ ਤੇ ਕੰਮ ਕਰਨ ਵਿਚ ਮਦਦ ਕਰਦੀ ਹੈ।

BC Confederation of Parent Advisory Councils
Suite 202, 1545 West 8th Avenue
Vancouver, BC
V6J 1T5
ਫੋਨ: (604) 687-4433
ਫੈਕਸ: (604) 687-4488
ਈਮੇਲ: bccpac@telus.net
ਵੈੱਬਸਾਈਟ: www.bccpac.bc.ca
ਬੀ ਸੀ ਸੀ ਪੀ ਏ ਸੀ ਐਡਵੋਕੇਸੀ ਪ੍ਰੋਜੈਕਟ ਮਾਪਿਆਂ ਦੀ ਨਿੱਜੀ ਤੌਰ ਤੇ ਮਦਦ ਕਰਦਾ ਹੈ। ਮੁਫਤ ਸੁਨੇਹਾ ਲਾਈਨ ਨੂੰ 1-888-351-9834 ਤੇ ਫੋਨ ਕਰੋ।

## ਮਾਨਤਾ

**ਸਲਾਹਕਾਰ ਟੀਮ:** ਬਰੈਂਡਾ ਟਰਨਰ (ਟੀਮ ਚੇਅਰ ਅਤੇ ਬੀ ਸੀ ਸੀ ਪੀ ਏ ਸੀ ਸੈਕਿੰਡ ਵਾਈਸ-ਪ੍ਰੈਜੀਡੈਂਟ), ਡਿਆਨਾ ਮਮਫੋਰਡ (ਬੀ ਸੀ ਸੀ ਪੀ ਏ ਸੀ ਡਾਇਰੈਕਟਰ), ਬੇਵ ਹੌਸਕਰ (ਬੀ ਸੀ ਸੀ ਪੀ ਏ ਸੀ ਡਾਇਰੈਕਟਰ), ਲਿੰਡਾ ਮੈਕਐਡਮਜ਼, ਐੱਸ ਡੀ 61 (ਗਰੇਟਰ ਵਿਕਟੋਰੀਆ)

**ਫੋਕਸ ਗਰੁੱਪ ਦੇ ਮੌਡਰੇਟਰ:** ਇਲੇਨ ਡੈਕਰ

**ਫੋਕਸ ਗਰੁੱਪ ਵਿਚ ਹਿੱਸਾ ਲੈਣ ਵਾਲੇ:** ਵਿਸੈਂਟੇ ਅਸੂਨਸੀਅਨ ਐੱਸ ਡੀ 39 (ਵੈਨਕੂਵਰ), ਐਰਕਾ ਬੌਕ ਐੱਸ ਡੀ 82 (ਕੋਸਟ ਮਾਉਂਟੇਨਜ਼), ਛੈਰਲ ਹੈਨੇਬਾਉਰ, ਐੱਸ ਡੀ 83 (ਨੌਰਥ ਓਕਨਐਗਨ-ਸ਼ੁਸਵਾਪ), ਜੂਡੀ ਮੈਕਫਰਸਨ, ਐੱਸ ਡੀ 8 (ਕੂਟਨੀ ਲੇਕ), ਕੈਰਨ ਪੈਰੀ, ਐੱਸ ਡੀ 74 (ਗੋਲਡ ਟਰੇਲ), ਕੈਰਲ ਪੀਟਰਜ਼, ਐੱਸ ਡੀ 73 (ਕੈਮਲੂਪਸ ਥੌਂਪਸਨ), ਫਾਰੀਨਾ ਰੀਨਪਰੈਸ਼ਟ, ਐੱਸ ਡੀ 38 (ਰਿਚਮੰਡ), ਅਤੇ ਮਰਲੇ ਜ਼ੈਬਰੇਕ, ਐੱਸ ਡੀ 44 (ਨੌਰਥ ਵੈਨਕੂਵਰ)।

**ਲੇਖਕ:** ਹੈਲਨ ਪਾਰਕਰ
**ਗਰਾਫਿਕਸ:** ਸਿੰਥੀਆ ਮੋਫਟ
**ਕੋ-ਆਰਡੀਨੇਸ਼ਨ:** ਮੇਲੀਨਾ ਹੰਗ

ਬੀ ਸੀ ਸੀ ਪੀ ਏ ਸੀ ਬਹੁਤ ਸਾਰੇ ਵਿਦਿਆਰਥੀਆਂ, ਮਾਪਿਆਂ ਅਤੇ ਮਾਹਰਾਂ ਦੀ ਵੀ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਗਾਈਡ ਨੂੰ ਪੜ੍ਹਿਆ ਅਤੇ ਆਪਣੇ ਕੀਮਤੀ ਸੁਝਾਅ ਦਿੱਤੇ।

ਅਚੀਵ ਬੀ ਸੀ ਹੋਮਪੇਜ:
http://www.achievebc.ca/

ਮਨਿਸਟਰੀ ਆਫ ਐਜੂਕੇਸ਼ਨ ਦਾ ਹੋਮ ਪੇਜ:
http://www.gov.bc.ca/bvprd/bc/channel.do?action=ministry&channelID=8382&navld=NAV_ID_province